Lecturer & Coach Comp. Exam-2024
(Sec. Edu. Deptt.)

779461

प्रश्न-पुस्तिका संख्या व बारकोड /
Question Booklet No. & Barcode

**CSL-25**

इस प्रश्न-पुस्तिका को तब तक न खोलें जब तक कहा न जाए । Do not open this Question Booklet until you are asked to do so.

पुस्तिका में पृष्ठों की संख्या : 16
Number of Pages in Booklet : 16
पुस्तिका में प्रश्नों की संख्या : 150
No. of Questions in Booklet : 150

**Paper Code : 45**

**Paper – II**

**Sub : Punjabi**

समय : 03:00 घण्टे + 10 मिनट अतिरिक्त*
Time : 03:00 Hours + 10 Minutes Extra*

Exam Date - 30/06/2025

अधिकतम अंक : 300
Maximum Marks : 300

प्रश्न-पुस्तिका के पेपर की सील/पॉलिथीन बैग को खोलने पर प्रश्न-पत्र हल करने से पूर्व परीक्षार्थी यह सुनिश्चित कर लें कि :
- प्रश्न-पुस्तिका संख्या तथा ओ.एम.आर. उत्तर-पत्रक पर अंकित बारकोड संख्या समान हैं ।
- प्रश्न-पुस्तिका एवं ओ.एम.आर. उत्तर-पत्रक के सभी पृष्ठ व सभी प्रश्न सही मुद्रित हैं । समस्त प्रश्न, जैसा कि ऊपर वर्णित है, उपलब्ध हैं तथा कोई भी पृष्ठ कम नहीं है/ मुद्रण त्रुटि नहीं है ।

किसी भी प्रकार की विसंगति या दोषपूर्ण होने पर परीक्षार्थी वीक्षक से दूसरा प्रश्न-पत्र प्राप्त कर लें । यह सुनिश्चित करने की जिम्मेदारी अभ्यर्थी की होगी । परीक्षा प्रारम्भ होने के 5 मिनट पश्चात् ऐसे किसी दावे/आपत्ति पर कोई विचार नहीं किया जायेगा ।

**On opening the paper seal/polythene bag of the Question Booklet before attempting the question paper, the candidate should ensure that :**
- **Question Booklet Number and Barcode Number of OMR Answer Sheet are same.**
- **All pages & Questions of Question Booklet and OMR Answer Sheet are properly printed. All questions as mentioned above are available and no page is missing/misprinted.**

**If there is any discrepancy/defect, candidate must obtain another Question Booklet from Invigilator. Candidate himself shall be responsible for ensuring this. No claim/objection in this regard will be entertained after five minutes of start of examination.**

## परीक्षार्थियों के लिए निर्देश

1. **प्रत्येक प्रश्न के लिये एक विकल्प भरना अनिवार्य है ।**
2. **सभी** प्रश्नों के अंक समान हैं ।
3. प्रत्येक प्रश्न का मात्र **एक** ही उत्तर दीजिए । एक से अधिक उत्तर देने की दशा में प्रश्न के उत्तर को गलत माना जाएगा ।
4. **OMR** उत्तर-पत्रक इस प्रश्न-पुस्तिका के अन्दर रखा है । जब आपको प्रश्न-पुस्तिका खोलने को कहा जाए, तो उत्तर-पत्रक निकाल कर ध्यान से केवल **नीले बॉल पॉइंट पेन** से विवरण भरें ।
5. कृपया अपना रोल नम्बर ओ.एम.आर. उत्तर-पत्रक पर सावधानीपूर्वक सही भरें । गलत रोल नम्बर भरने पर परीक्षार्थी स्वयं उत्तरदायी होगा ।
6. **ओ.एम.आर. उत्तर-पत्रक में करेक्शन पेन/व्हाईटनर/सफेदा का उपयोग निषिद्ध है ।**
7. **प्रत्येक गलत उत्तर के लिए प्रश्न अंक का 1/3 भाग काटा जायेगा ।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है ।
8. **प्रत्येक प्रश्न के पाँच विकल्प दिये गये हैं, जिन्हें क्रमशः 1, 2, 3, 4, 5 अंकित किया गया है । अभ्यर्थी को सही उत्तर निर्दिष्ट करते हुए उनमें से केवल एक गोले (बबल) को उत्तर-पत्रक पर नीले बॉल पॉइंट पेन से गहरा करना है ।**
9. **यदि आप प्रश्न का उत्तर नहीं देना चाहते हैं तो उत्तर-पत्रक में पाँचवें (5) विकल्प को गहरा करें । यदि पाँच में से कोई भी गोला गहरा नहीं किया जाता है, तो ऐसे प्रश्न के लिये प्रश्न अंक का 1/3 भाग काटा जायेगा ।**
10. * **प्रश्न-पत्र हल करने के उपरांत अभ्यर्थी अनिवार्य रूप से ओ.एम.आर. उत्तर-पत्रक जाँच लें कि समस्त प्रश्नों के लिये एक विकल्प (गोला) भर दिया गया है । इसके लिये ही निर्धारित समय से 10 मिनट का अतिरिक्त समय दिया गया है ।**
11. **यदि अभ्यर्थी 10% से अधिक प्रश्नों में पाँच विकल्पों में से कोई भी विकल्प अंकित नहीं करता है तो उसको अयोग्य माना जायेगा ।**
12. **मोबाइल फोन अथवा अन्य किसी इलेक्ट्रोनिक यंत्र का परीक्षा हॉल में प्रयोग पूर्णतया वर्जित है । यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी ।**

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए **राजस्थान सार्वजनिक परीक्षा (भर्ती में अनुचित साधनों की रोकथाम अध्युपाय) अधिनियम, 2022** तथा अन्य प्रभावी कानून एवं आयोग के नियमों-प्रावधानों के तहत कार्यवाही की जाएगी । साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है ।

## INSTRUCTIONS FOR CANDIDATES

1. **It is mandatory to fill one option for each question.**
2. **All** questions carry equal marks.
3. Only **one** answer is to be given for each question. If more than **one** answers are marked, it would be treated as wrong answer.
4. The **OMR** Answer Sheet is inside this Question Booklet. When you are directed to open the Question Booklet, take out the Answer Sheet and fill in the particulars carefully with **Blue Ball Point Pen** only.
5. Please correctly fill your Roll Number in **OMR** Answer Sheet. Candidates will themselves be responsible for filling wrong Roll No.
6. **Use of Correction Pen/Whitener in the OMR Answer Sheet is strictly forbidden.**
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question.
8. **Each question has five options marked as 1, 2, 3, 4, 5. You have to darken only one circle (bubble) indicating the correct answer on the Answer Sheet using BLUE BALL POINT PEN.**
9. **If you are not attempting a question then you have to darken the circle '5'. If none of the five circles is darkened, one third (1/3) part of the marks of question shall be deducted.**
10. * **After solving question paper, candidate must ascertain that he/she has darkened one of the circles (bubbles) for each of the questions. Extra time of 10 minutes beyond scheduled time, is provided for this.**
11. **A candidate who has not darkened any of the five circles in more than 10% questions shall be disqualified.**
12. **Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt with as per rules.**

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would be liable to be prosecuted under **Rajasthan Public Examination (Measures for Prevention of Unfair means in Recruitment) Act, 2022 & any other laws applicable and Commission's Rules-Regulations.** Commission may also debar him/her permanently from all future examinations.

**उत्तर-पत्रक में दो प्रतियाँ हैं – मूल प्रति और कार्बन प्रति । परीक्षा समाप्ति पर परीक्षा कक्ष छोड़ने से पूर्व परीक्षार्थी उत्तर-पत्रक की दोनों प्रतियाँ वीक्षक को सौंपेंगे, परीक्षार्थी स्वयं कार्बन प्रति अलग नहीं करें । वीक्षक उत्तर-पत्रक की मूल प्रति को अपने पास जमा कर, कार्बन प्रति को मूल प्रति से कट लाइन से मोड़ कर सावधानीपूर्वक अलग कर परीक्षार्थी को सौंपेंगे, जिसे परीक्षार्थी अपने साथ ले जायेंगे । परीक्षार्थी को उत्तर-पत्रक की कार्बन प्रति चयन प्रक्रिया पूर्ण होने तक सुरक्षित रखनी होगी एवं आयोग द्वारा माँगे जाने पर प्रस्तुत करनी होगी ।**

**45-□**

Lecturer (Cadre) Comp. Exam-2024 (Sec. Edu. Deptt.)

1. ਕਿਸ ਗੁਰੂ ਸਾਹਿਬ ਦੀ ਬਾਣੀ ਦੇ 59 ਸ਼ਬਦ 57 ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ?
(1) ਗੁਰੂ ਨਾਨਕ ਦੇਵ ਜੀ
(2) ਗੁਰੂ ਤੇਗ ਬਹਾਦਰ ਜੀ
(3) ਗੁਰੂ ਅਰਜਨ ਦੇਵ ਜੀ
(4) ਗੁਰੂ ਗੋਬਿੰਦ ਸਿੰਘ ਜੀ
(5) ਅਨਉੱਤਰਿਤ ਪ੍ਰਸ਼ਨ

2. 'ਹੀਰ ਆਖਦੀ ਜੋਗੀਆ ਝੂਠ ਆਖੇ,
ਕੌਣ ਵਿਛੜੇ ਯਾਰ ਮਿਲਾਉਂਦਾ ਈ ।
ਏਹਾ ਕੋਈ ਨਾ ਮਿਲਿਆ ਮੈਂ ਢੂੰਡ ਥੱਕੀ,
ਜਿਹੜਾ ਗਿਆਂ ਨੂੰ ਮੋੜ ਲਿਆਉਂਦਾ ਈ ।'
ਇਹ ਸਤਰਾਂ ਕਿਸ ਕਵੀ ਦੀਆਂ ਹਨ ?
(1) ਹਾਸ਼ਮ ਸ਼ਾਹ (2) ਬੁਲ੍ਹੇ ਸ਼ਾਹ
(3) ਸ਼ਾਹ ਮੁਹੰਮਦ (4) ਵਾਰਿਸ ਸ਼ਾਹ
(5) ਅਨਉੱਤਰਿਤ ਪ੍ਰਸ਼ਨ

3. 'ਗੁਰਮੁਖਿ ਲਾਹਾ ਲੈ ਗਏ ਮਨਮੁੱਖ ਚਲੇ ਮੂਲ ਗਵਾਇ ਜੀਉ' ਸਤਰ ਵਿੱਚ ਆਏ 'ਮੂਲ' ਸ਼ਬਦ ਦਾ ਅਰਥ ਹੈ –
(1) ਚਾਂਦੀ (2) ਸੋਨਾ
(3) ਹੀਰੇ (4) ਅਸਲ ਸਰਮਾਇਆ
(5) ਅਨਉੱਤਰਿਤ ਪ੍ਰਸ਼ਨ

4. 'ਗੁਰੂ ਗ੍ਰੰਥ ਸਾਹਿਬ' ਵਿੱਚ ਸਭ ਤੋਂ ਵਧੇਰੇ ਰਚਨਾ ਅੰਕਿਤ ਹੈ :–
(1) ਗੁਰੂ ਨਾਨਕ ਦੇਵ (2) ਗੁਰੂ ਅੰਗਦ ਦੇਵ
(3) ਗੁਰੂ ਰਾਮਦਾਸ (4) ਗੁਰੂ ਅਰਜਨ ਦੇਵ
(5) ਅਨਉੱਤਰਿਤ ਪ੍ਰਸ਼ਨ

5. ਗੁਰਸ਼ਰਨ ਸਿੰਘ ਭਾਅ ਜੀ ਨੂੰ ਨੌਕਰੀ ਕਰਦਿਆਂ, ਕਿਸ ਤਿਉਹਾਰ ਦੀ ਇਕ ਘਟਨਾ ਨੇ, ਨਾਟਕ ਕਾਰ ਬਣਨ ਦੇ ਰਾਹ ਤੋਰਿਆ ?
(1) ਲੋਹੜੀ (2) ਵਿਸਾਖੀ
(3) ਹੋਲੀ (4) ਦੀਵਾਲੀ
(5) ਅਨਉੱਤਰਿਤ ਪ੍ਰਸ਼ਨ

6. "ਫਰੀਦਾ ਥੀਉ ਪਵਾਹੀ ਦਭ" ਵਾਕੰਸ਼ ਵਿਚ ਪ੍ਰਯੋਗ ਹੋਇਆ 'ਦਭ' ਦਾ ਸ਼ਾਬਦਿਕ ਅਰਥ ਹੈ –
(1) ਘਾਹ (2) ਰਸਤਾ
(3) ਮਿੱਟੀ (4) ਪਦਾਰਥ
(5) ਅਨਉੱਤਰਿਤ ਪ੍ਰਸ਼ਨ

7. "ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ"
ਕਾਵਿ–ਪੰਗਤੀ ਵਿਚ ਸ਼ਾਹ ਮੁਹੰਮਦ ਦਾ 'ਤੀਸਰੀ–ਜਾਤ' ਵੱਲ ਸੰਕੇਤ ਹੈ –
(1) ਮੁਸਲਮਾਨਾਂ ਵੱਲ (2) ਹਿੰਦੂਆਂ ਵੱਲ
(3) ਸਿੱਖਾਂ ਵੱਲ (4) ਅੰਗਰੇਜ਼ਾਂ ਵੱਲ
(5) ਅਨਉੱਤਰਿਤ ਪ੍ਰਸ਼ਨ

8. ਸੁਰਜੀਤ ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਵਿਚਲਾ ਨੰਦ ਕਿਸ਼ੋਰ ਪੰਜਾਬ ਕਿਉਂ ਆਉਂਦਾ ਹੈ ?
(1) ਪੜ੍ਹਣ ਲਈ
(2) ਰਿਜ਼ਕ ਲਈ
(3) ਵਿਆਹ ਕਰਵਾਉਣ ਲਈ
(4) ਪਿਤਾ ਨੂ ਮਿਲਣ ਲਈ
(5) ਅਨਉੱਤਰਿਤ ਪ੍ਰਸ਼ਨ

9. ਜਿੱਥੇ ਧਰਮ ਤੇ ਈਮਾਨ ਘੁਲ ਮਿਲ ਜਾਂਦੇ ਹਨ, ਉਸ ਥਾਂ ਨੂੰ ਕਵੀ ਕੀ ਕਹਿੰਦਾ ਹੈ –
(1) ਇਨਸਾਨਸਤਾਨ (2) ਧਰਮ ਸਥਾਨ
(3) ਈਮਾਨ ਸਥਾਨ (4) ਤਪ ਸਥਾਨ
(5) ਅਨਉੱਤਰਿਤ ਪ੍ਰਸ਼ਨ

10. 'ਲੋਹ ਕਥਾ', 'ਉੱਡਦੇ ਬਾਜਾਂ ਮਗਰ', 'ਸਾਡੇ ਸਮਿਆਂ ਵਿਚ' ਕਿਸ ਕਵੀ ਦੇ ਕਾਵਿ–ਸੰਗ੍ਰਹਿ ਹਨ ?
(1) ਪਾਸ਼ (2) ਸ.ਸ. ਮੀਸ਼ਾ
(3) ਸੰਤ ਰਾਮ ਉਦਾਸੀ (4) ਸੁਰਜੀਤ ਪਾਤਰ
(5) ਅਨਉੱਤਰਿਤ ਪ੍ਰਸ਼ਨ

11. 'ਪੰਜਾਬ ਦੀ ਬੁਲਬੁਲ' ਕਰਕੇ ਜਾਣਿਆ ਜਾਂਦਾ ਹੈ :
(1) ਬਾਬੂ ਫੀਰੋਜ਼ਦੀਨ ਸ਼ਰਫ਼
(2) ਧਨੀ ਰਾਮ ਚਾਤ੍ਰਿਕ
(3) ਪ੍ਰੋ. ਪੂਰਨ ਸਿੰਘ
(4) ਮੋਹਨ ਸਿੰਘ
(5) ਅਨਉੱਤਰਿਤ ਪ੍ਰਸ਼ਨ

12. 'ਚੋਟਾ ਪਵਨ ਨਗਾਰੇ ______ ' ਸਤਰ ਨੂੰ ਪੂਰਾ ਕਰੋ –
(1) ਦਲਾਂ ਮੁਕਾਬਲਾ
(2) ਅਣੀਆਂ ਜੁਟੀਆਂ
(3) ਫੌਜਾਂ ਆਹਮੋ ਸਾਹਮਣੇ
(4) ਬੀਰ ਟਲੇ ਨ ਟਾਲੇ
(5) ਅਨਉੱਤਰਿਤ ਪ੍ਰਸ਼ਨ

**13.** 'ਕਾਫ਼ੀ' ਰੂਪਾਕਾਰ ਨੂੰ ਪੰਜਾਬੀ ਸਾਹਿਤ ਵਿਚ ਮਕਬੂਲ ਕਰਨ ਵਾਲਾ ਕਵੀ ਹੈ –

(1) ਪੀਲੂ (2) ਸ਼ੇਖ ਫ਼ਰੀਦ

(3) ਸ਼ਾਹ ਹੁਸੈਨ (4) ਗੁਲਾਮ ਫ਼ਰੀਦ

(5) ਅਨਉੱਤਰਿਤ ਪ੍ਰਸ਼ਨ

**14.** 'ਦੋ ਟੋਟਿਆਂ ਵਿਚ ਭੋਂ ਟੁੱਟੀ,
ਇਕ ਮਹਿਲਾਂ ਦੀ ਇਕ ਢੋਕਾਂ ਦੀ ।
ਦੋ ਧੜਿਆਂ ਵਿਚ ਖਲਕਤ ਵੰਡੀ,
ਇਕ ਲੋਕਾਂ ਦੀ, ਇਕ ਜੋਕਾਂ ਦੀ ।'

ਉਪਰੋਕਤ ਟੁਕੜੀ ਵਿਚ ਕਿੰਨੇ ਪ੍ਰਤੀਕ ਹਨ ?

(1) ਛੇ (2) ਪੰਜ

(3) ਚਾਰ (4) ਤਿੰਨ

(5) ਅਨਉੱਤਰਿਤ ਪ੍ਰਸ਼ਨ

**15.** ਕਵੀ ਅਨੁਸਾਰ ਵਣਜਾਰਾ ਪਿੰਡ ਵਿੱਚੋਂ ਕਦੋਂ 'ਨਿਰਾਸਾ' ਨਹੀਂ ਜਾਏਗਾ –

(1) ਜਦੋਂ ਉਹ ਉਧਾਰ ਚੂੜੀਆਂ ਵੇਚੇਗਾ

(2) ਜਦੋਂ ਚੂੜੀਆਂ ਦੇ ਨਾਲ ਬੰਦੂਕਾਂ ਵੇਚੇਗਾ

(3) ਜਦੋਂ ਕਿਸਾਨਾਂ ਦਾ ਰਾਜ ਹੋਵੇਗਾ

(4) ਜਦੋਂ ਚੂੜੀਆਂ ਦੇ ਨਾਲ ਚਾਕੂ ਲੈ ਕੇ ਆਏਗਾ

(5) ਅਨਉੱਤਰਿਤ ਪ੍ਰਸ਼ਨ

**16.** ਨਾਥ ਜੋਗੀਆਂ ਦੇ ਸਾਹਿਤ ਨੂੰ ਸਭ ਤੋਂ ਪਹਿਲਾਂ ਕਿਸ ਵਿਦਵਾਨ ਨੇ ਪੰਜਾਬੀ ਸਾਹਿਤ ਵਿਚ ਸਥਾਨ ਦਿੱਤਾ –

(1) ਬਾਵਾ ਬੁੱਧ ਸਿੰਘ

(2) ਡਾ. ਮੋਹਨ ਸਿੰਘ ਦੀਵਾਨਾ

(3) ਮੌਲਾ ਬਖ਼ਸ਼ ਕੁਸ਼ਤਾ

(4) ਰਤਨ ਸਿੰਘ ਜੱਗੀ

(5) ਅਨਉੱਤਰਿਤ ਪ੍ਰਸ਼ਨ

**17.** 'ਹਲ ਵਾਹੁਣ ਵਾਲੇ' ਕਵਿਤਾ ਅਨੁਸਾਰ ਜੱਟ ਕਵੀ ਨੂੰ ਖਾਣ ਲਈ ਕੀ ਨਹੀਂ ਦਿੰਦੇ –

(1) ਮੱਕੀ, ਜਵਾਰ, ਛੋਲੀਆ

(2) ਸਾਗ, ਭੁੰਨੇ ਦਾਣੇ, ਖੂਹ ਦਾ ਪਾਣੀ

(3) ਮੱਖਣ, ਦੁੱਧ, ਲੱਸੀ

(4) ਗੰਨਾ, ਬੇਰ, ਰਿਉੜੀਆਂ

(5) ਅਨਉੱਤਰਿਤ ਪ੍ਰਸ਼ਨ

**18.** 'ਸੁਣ ਸਿਖਵੰਤਾ, ਸੁਣ ਪਤਵੰਤਾ, ਇਸ ਜਗ ਮੇਂ ਕੈਸੇ ਰਹਿਣਾ,
ਅੱਖੀਂ ਦੇਖਣਾ, ਕੰਨੀਂ ਸੁਣਨਾ, ਮੁਖ ਸੇ ਕੁਛ ਨ ਕਹਿਣਾ'

ਕਾਵਿ ਸਤਰਾਂ ਦਾ ਕਰਤਾ ਹੈ –

(1) ਚਰਪਟ ਨਾਥ (2) ਮਛੰਦਰ ਨਾਥ

(3) ਗੋਰਖ ਨਾਥ (4) ਰਤਨ ਨਾਥ

(5) ਅਨਉੱਤਰਿਤ ਪ੍ਰਸ਼ਨ

**19.** "ਰੱਬਾ ਮੇਰੇ ਹਾਲ ਦਾ ਮਹਿਰਮ ਤੂੰ ।
ਤੂੰ ਹੈ ਤਾਣਾ ਤੂੰ ਹੈ ਬਾਣਾ,
ਸਭ ਕੁਝ ਮੇਰਾ ਤੂੰ ।"

ਇਹ ਕਿਸ ਸੂਫ਼ੀ ਕਵੀ ਦੀ ਰਚਨਾ ਹੈ –

(1) ਸ਼ੇਖ਼ ਫ਼ਰੀਦ (2) ਸ਼ਾਹ ਹੁਸੈਨ

(3) ਮੀਆਂ ਵਜੀਦ (4) ਬੁਲ੍ਹੇ ਸ਼ਾਹ

(5) ਅਨਉੱਤਰਿਤ ਪ੍ਰਸ਼ਨ

**20.** ਪੰਜਾਬੀ ਕਾਵਿ ਦੇ ਇਤਿਹਾਸ ਵਿਚ ਵਰਤਿਆ ਗਿਆ 'ਸੀਹਰਫ਼ੀ' ਕਾਵਿ-ਰੂਪ ਦਾ ਬਾਨੀ ਕੌਣ ਹੈ ?

(1) ਸ਼ੇਖ਼ ਫ਼ਰੀਦ (2) ਸ਼ਾਹ ਹੁਸੈਨ

(3) ਸੁਲਤਾਨ ਬਾਹੂ (4) ਵਜੀਹ

(5) ਅਨਉੱਤਰਿਤ ਪ੍ਰਸ਼ਨ

**21.** ਹਜ਼ਰਤ ਸੁਲਤਾਨ ਬਾਹੂ ਦਾ ਸੰਬੰਧ ਸੂਫ਼ੀ ਮਤ ਦੇ ਕਿਹੜੇ ਫ਼ਿਰਕੇ ਨਾਲ ਸੀ ?

(1) ਕਾਦਿਰੀ ਮਲਾਮਤੀ (2) ਸਤਵਰੀ ਕਾਦਿਰੀ

(3) ਸੁਹਰਾਵਰਦੀ (4) ਗਜਰੂਨੀ

(5) ਅਨਉੱਤਰਿਤ ਪ੍ਰਸ਼ਨ

**22.** ਕਿਹੜਾ ਸਨਾਤਨੀ ਆਲੋਚਕ ਸੁਲਤਾਨ ਬਾਹੂ ਨੂੰ ਜਮਾਂਦਰੂ ਵਲੀ, ਅੱਲਾਹ ਲੋਕ ਕਹਿੰਦਾ ਹੈ ?

(1) ਮੋਹਨ ਸਿੰਘ ਦੀਵਾਨਾ

(2) ਮੌਲਾ ਬਖ਼ਸ਼ ਕੁਸ਼ਤਾ

(3) ਪਿਆਰਾ ਸਿੰਘ ਪਦਮ

(4) ਸੁਰਿੰਦਰ ਸਿੰਘ ਕੋਹਲੀ

(5) ਅਨਉੱਤਰਿਤ ਪ੍ਰਸ਼ਨ

**23.** "ਨਦੀ ਢਿਗ ਅਤੇ ਬਿਰਖਾ
ਨਾਰੀ ਸੰਗ ਪੁਰਖਾ
ਅਲਪ ਜੀਵਨ ਕੀ ਆਸਾ"

ਉਪਰੋਕਤ ਕਾਵਿ ਬੰਦ ਵਿੱਚ ਵਰਤੇ ਸ਼ਬਦ ਨਦੀ, ਢਿਗ ਅਤੇ ਬਿਰਖਾ ਅਲੰਕਾਰ ਹਨ –

(1) ਯਮਕ ਅਲੰਕਾਰ (2) ਅਨੁਪ੍ਰਾਸ ਅਲੰਕਾਰ

(3) ਰੂਪਕ ਅਲੰਕਾਰ (4) ਸਲੇਸ਼ ਅਲੰਕਾਰ

(5) ਅਨਉੱਤਰਿਤ ਪ੍ਰਸ਼ਨ

7779461

24. 'ਜੋਗੀ ਹੋਇ ਪਰ ਨਿੰਦਿਆ ਝਖੈ, ਮਦ ਮਾਸ ਘਰ ਭੋਗ ਜੋ ਭਖੈ' ਕਾਵਿ ਸਤਰਾਂ ਦਾ ਕਰਤਾ ਹੈ –
(1) ਚਰਪਟ ਨਾਥ (2) ਮਛੰਦਰ ਨਾਥ
(3) ਗੋਰਖ ਨਾਥ (4) ਰਤਨ ਨਾਥ
(5) ਅਨਉੱਤਰਿਤ ਪ੍ਰਸ਼ਨ

25. "ਪਿਊ ਦਾਦੇ ਕਾ ਖੋਲਿ ਡਿਠਾ ਖ਼ਜਾਨਾ
ਤਾ ਮੇਰੈ ਮਨਿ ਭਇਆ ਨਿਧਾਨਾ ।"
ਇਹਨਾਂ ਸਤਰਾਂ ਦੇ ਕਰਤਾ ਹਨ –
(1) ਗੁਰੂ ਨਾਨਕ ਦੇਵ ਜੀ
(2) ਗੁਰੂ ਅਮਰਦਾਸ ਜੀ
(3) ਗੁਰੂ ਰਾਮਦਾਸ ਜੀ
(4) ਗੁਰੂ ਅਰਜਨ ਦੇਵ ਜੀ
(5) ਅਨਉੱਤਰਿਤ ਪ੍ਰਸ਼ਨ

26. 'ਵਾਰ–ਸਤ' ਕਾਵਿ ਰੂਪਾਕਾਰ ਦੇ ਰਚਨਾਕਾਰ ਹਨ –
(1) ਗੁਰੂ ਨਾਨਕ ਦੇਵ, ਗੁਰੂ ਅਮਰਦਾਸ
(2) ਗੁਰੂ ਅਮਰਦਾਸ, ਗੁਰੂ ਅਰਜਨ ਦੇਵ
(3) ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ
(4) ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ
(5) ਅਨਉੱਤਰਿਤ ਪ੍ਰਸ਼ਨ

27. ਲਹਿਣਾ ਜੀ ਹਰ ਸਾਲ ਕਿਸ ਦੇਵੀ–ਸਥਾਨ ਦੀ ਯਾਤਰਾ ਕਰਦੇ ਸਨ –
(1) ਜਵਾਲਾਮੁਖੀ (2) ਚਿੰਤਪੁਰਨੀ
(3) ਨੈਣਾ ਦੇਵੀ (4) ਸ਼ੰਕਰੀ ਦੇਵੀ
(5) ਅਨਉੱਤਰਿਤ ਪ੍ਰਸ਼ਨ

28. ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਕਿੰਨਿ ਗੁਰਸਿੱਖਾਂ ਦੇ ਨਾਮ ਅਤੇ ਪਤੇ ਟਿਕਾਣੇ ਦੱਸੇ ਹਨ –
(1) 50 ਦੇ ਕਰੀਬ (2) 200 ਦੇ ਕਰੀਬ
(3) 150 ਦੇ ਕਰੀਬ (4) 100 ਦੇ ਕਰੀਬ
(5) ਅਨਉੱਤਰਿਤ ਪ੍ਰਸ਼ਨ

29. ਗੁਰੂ ਨਾਨਕ ਦੇਵ ਦੀ ਰਚਨਾ ਦਾ ਸਹੀ ਵੇਰਵਾ ਹੈ –
(1) ਛੰਤ 24, ਪਹਿਰੇ 3
(2) ਸਲੋਕ 260, ਪਉੜੀਆਂ 120
(3) ਛੰਤ 24, ਸੋਲਹੇ 20
(4) ਅਸ਼ਟਪਦੀਆਂ 121, ਪਉੜੀਆਂ 116
(5) ਅਨਉੱਤਰਿਤ ਪ੍ਰਸ਼ਨ

30. ਪੰਜਾਬੀ ਸਾਹਿਤ ਵਿਚ 'ਮਿਰਜ਼ਾ ਸਾਹਿਬਾਂ' ਦਾ ਕਿੱਸਾ ਲਿਖਣ ਵਾਲਾ ਪਹਿਲਾ ਕਿੱਸਾਕਾਰ ਕੌਣ ਹੈ ?
(1) ਪੀਲੂ (2) ਦਮੋਦਰ
(3) ਹਾਫਿਜ਼ ਬਰਖ਼ੁਰਦਾਰ (4) ਵਾਰਿਸਸ਼ਾਹ
(5) ਅਨਉੱਤਰਿਤ ਪ੍ਰਸ਼ਨ

31. ਆਪਣੇ ਕਿੱਸਾ–ਕਾਵਿ ਦਾ ਅੰਤ ਦੁਖਾਂਤਕ ਲਿਖਣ ਵਾਲਾ ਪਹਿਲਾ ਕਵੀ ਹੈ –
(1) ਦਮੋਦਰ (2) ਅਹਿਮਦ ਗੁੱਜਰ
(3) ਪੀਲੂ (4) ਮੁਕਬਲ
(5) ਅਨਉੱਤਰਿਤ ਪ੍ਰਸ਼ਨ

32. "ਕੂਕੇ ਮਾਰ ਹੀ ਮਾਰ ਤੇ ਪਕੜ ਸ਼ਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ
ਰਾਂਝੇ ਉੱਠ ਕੇ ਆਖਿਆ ਵਾਹ ਸੱਜਣ, ਹੀਰ ਹੱਸ ਕੇ ਤੇ ਮੇਹਰਬਾਨ ਹੋਈ"
ਕਾਵਿ ਸਤਰਾਂ ਨਾਇਕ ਨਾਇਕਾ ਦੇ ਜੀਵਨ ਦੀ ਕਿਸ ਸਥਿਤੀ ਦੀਆਂ ਸੂਚਕ ਹਨ –
(1) ਹੀਰ ਦੇ ਗੁੱਸੇ ਦੀਆਂ
(2) ਸੱਚੇ ਇਸ਼ਕ ਦੀਆਂ
(3) ਪਹਿਲੀ ਮਿਲਣੀ ਦੀਆਂ
(4) ਰਾਂਝੇ ਦੀ ਨਿਮਰਤਾ ਦੀਆਂ
(5) ਅਨਉੱਤਰਿਤ ਪ੍ਰਸ਼ਨ

33. 'ਰਾਜਾ ਰਸਾਲੂ' ਅਤੇ 'ਪੂਰਨ ਭਗਤ' ਦਾ ਕਿੱਸਾ ਸਭ ਤੋਂ ਪਹਿਲਾਂ ਕਿਸ ਕਿੱਸਾਕਾਰ ਨੇ ਲਿਖਿਆ :
(1) ਫਜ਼ਲ ਸ਼ਾਹ (2) ਪੀਲੂ
(3) ਵਾਰਿਸ ਸ਼ਾਹ (4) ਕਾਦਰ ਯਾਰ
(5) ਅਨਉੱਤਰਿਤ ਪ੍ਰਸ਼ਨ

34. ਨਜ਼ਾਬਤ ਦੀ 'ਨਾਦਰ ਸ਼ਾਹ ਦੀ ਵਾਰ' ਦੇ ਪ੍ਰਸੰਗ ਅਨੁਸਾਰ ਕਿਸ ਅਹਿਲਕਾਰ ਨੇ ਈਰਾਨ ਦੇ ਬਾਦਸ਼ਾਹ ਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ –
(1) ਵੀਰ ਨਿਜ਼ਾਮੁਲ ਮੁਲਕ
(2) ਮੁਹੰਮਦ ਸ਼ਾਹ ਨੇ
(3) ਮੁਹੰਮਦ ਸ਼ਾਹ ਦੀ ਰਾਣੀ ਨੇ
(4) ਮਰਹੱਟਿਆਂ ਨੇ
(5) ਅਨਉੱਤਰਿਤ ਪ੍ਰਸ਼ਨ

35. ਗੁਰੂ ਨਾਨਕ ਦੇਵ ਦਾ ਜੀਵਨੀ–ਮੂਲਕ ਬਿਰਤਾਂਤ ਭਾਈ ਗੁਰਦਾਸ ਦੀ ਕਿਹੜੀ ਵਾਰ ਵਿਚ ਮਿਲਦਾ ਹੈ –
(1) ਪਹਿਲੀ (2) ਦੂਜੀ
(3) ਪੰਦਰਵੀਂ (4) ਗਿਆਰ੍ਹਵੀਂ
(5) ਅਨਉੱਤਰਿਤ ਪ੍ਰਸ਼ਨ

7779461

36. ਹੇਠ ਲਿਖੀਆਂ ਵਿਚੋਂ ਕਿਹੜੀ ਇਕਾਈ ਭਾਈ ਵੀਰ ਸਿੰਘ ਦੀਆਂ ਕਾਵਿ-ਪੁਸਤਕਾਂ ਸੰਬੰਧੀ ਸਹੀ ਹੈ ?
(1) ਲਹਿਰਾਂ ਦੇ ਹਾਰ, ਪ੍ਰੀਤ ਵੀਣਾ, ਕੰਬਦੀ ਕਲਾਈ, ਖੁਲ੍ਹੇ ਮੈਦਾਨ।
(2) ਪ੍ਰੀਤ ਵੀਣਾ, ਕੰਬਦੀ ਕਲਾਈ, ਮਟਕ ਹੁਲਾਰੇ, ਖੁਲ੍ਹੇ ਘੁੰਡ।
(3) ਮਹਾਂਕਾਵਿ ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ,ਕੰਬਦੀ ਕਲਾਈ, ਮਟਕ ਹੁਲਾਰੇ।
(4) ਮਹਾਂ ਕਾਵਿ ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਖੁਲ੍ਹੇ ਰੰਗ ਅਸਮਾਨੀ
(5) ਅਨਉੱਤਰਿਤ ਪ੍ਰਸ਼ਨ

37. ਹੇਠ ਲਿਖੀਆਂ ਵਿਚੋਂ ਕਿਹੜੀ ਇਕਾਈ ਹਰਿਭਜਨ ਸਿੰਘ ਦੀਆਂ ਕਾਵਿ-ਪੁਸਤਕਾਂ ਸੰਬੰਧੀ ਸਹੀ ਹੈ ?
(1) ਲਾਸਾਂ, ਤਾਰ ਤੁਪਕਾ, ਅਧਰੈਣੀ, ਦਸਤਕ
(2) ਲਾਸਾਂ, ਤਾਰ ਤੁਪਕਾ, ਅਧਰੈਣੀ, ਨਾ ਧੁੱਪੇ ਨਾ ਛਾਵੇਂ
(3) ਲਾਸਾਂ, ਤਾਰ ਤੁਪਕਾ, ਅਧਰੈਣੀ, ਰਸਤਾ
(4) ਲਾਸਾਂ, ਤਾਰ ਤੁਪਕਾ, ਅਧਰੈਣੀ, ਕੱਚ ਦੇ ਵਸਤਰ
(5) ਅਨਉੱਤਰਿਤ ਪ੍ਰਸ਼ਨ

38. ਸ਼ਿਵ ਕੁਮਾਰ ਬਟਾਲਵੀ ਦਾ ਪਹਿਲਾ ਕਾਵਿ ਸੰਗ੍ਰਹਿ ਹੈ -
(1) ਬਿਰਹਾ ਤੂੰ ਸੁਲਤਾਨ (2) ਮੈਨੂੰ ਵਿਦਾ ਕਰੋ
(3) ਲੂਣਾ (4) ਪੀੜਾਂ ਦਾ ਪਰਾਗਾ
(5) ਅਨਉੱਤਰਿਤ ਪ੍ਰਸ਼ਨ

39. ਪੰਜਾਬੀ ਨਿਬੰਧ ਕਲਾ ਨੂੰ ਸ਼ਾਸਤਰੀ ਰੂਪ ਵਿਚ ਨਿਖਾਰਨ ਦਾ ਸਭ ਤੋਂ ਵੱਧ ਸਿਹਰਾ, ਕਿਸ ਦੇ ਸਿਰ ਹੈ ਜਿਸ ਨੇ ਆਪਣੀ ਲੇਖਣੀ ਵਿਚ 'ਖੋਜੀ-ਉਪਜੇ ਵਾਦੀ ਬਿਨਸੈ' ਦੀ ਗੁਰ-ਉਕਤੀ ਨੂੰ ਆਧਾਰ ਬਣਾ ਕੇ ਸਾਹਿਤ ਦੇ ਕਲਾਤਮਕ ਆਦਰਸ਼ ਨੂੰ ਸਦਾ ਧਿਆਨ ਵਿਚ ਰੱਖਿਆ
(1) ਗਿਆਨੀ ਗੁਰਦਿੱਤ ਸਿੰਘ
(2) ਪ੍ਰਿੰਸੀਪਲ ਤੇਜਾ ਸਿੰਘ
(3) ਬਲਰਾਜ ਸਾਹਣੀ
(4) ਸਰਵਣ ਸਿੰਘ
(5) ਅਨਉੱਤਰਿਤ ਪ੍ਰਸ਼ਨ

40. 'ਕੁਝ ਕਿਹਾ ਤਾਂ ਹਨ੍ਹੇਰਾ ਜਰ੍ਹੇਗਾ ਕਿਵੇਂ' ਸੁਰਜੀਤ ਪਾਤਰ ਦੀ ਸੁਪ੍ਰਸਿੱਧ ਗ਼ਜ਼ਲ ਕਿਸ ਕਾਵਿ ਸੰਗ੍ਰਹਿ ਵਿੱਚ ਦਰਜ ਹੈ -
(1) ਹਨ੍ਹੇਰੇ ਵੱਚ ਸੁਲਗਦੀ ਵਰਣਮਾਲਾ
(2) ਲਫ਼ਜ਼ਾਂ ਦੀ ਦਰਗਾਹ
(3) ਹਵਾ ਵਿੱਚ ਲਿਖੇ ਹਰਫ਼
(4) ਸੁਰਜ਼ਮੀਨ
(5) ਅਨਉੱਤਰਿਤ ਪ੍ਰਸ਼ਨ

41. 'ਮੇਰਾ ਦਾਦਕਾ ਪਿੰਡ' ਰਚਨਾ ਦਾ ਕਰਤਾ ਹੈ -
(1) ਪ੍ਰਿੰ. ਸਰਵਨ ਸਿੰਘ
(2) ਨਰਿੰਦਰ ਸਿੰਘ ਕਪੂਰ
(3) ਸ.ਸ. ਵਣਜਾਰਾ ਬੇਦੀ
(4) ਪ੍ਰਿੰ. ਤੇਜਾ ਸਿੰਘ
(5) ਅਨਉੱਤਰਿਤ ਪ੍ਰਸ਼ਨ

42. ਪੰਜਾਬੀ ਦਾ ਪਹਿਲਾ ਮਿਆਰੀ ਸਫ਼ਰਨਾਮਾ ਹੈ -
(1) ਮੇਰਾ ਵਿਲਾਇਤੀ ਸਫ਼ਰਨਾਮਾ-ਲਾਲ ਸਿੰਘ ਕਮਲਾ ਅਕਾਲੀ
(2) ਦੁਨੀਆਂ ਇੱਕ ਮਹੱਲ ਹੈ-ਗੁਰਬਖ਼ਸ਼ ਸਿੰਘ ਪ੍ਰੀਤਲੜੀ
(3) ਪੈਰਿਸ ਵਿੱਚ ਇੱਕ ਭਾਰਤੀ-ਸ.ਸ.ਅਮੋਲ
(4) ਅੱਖੀਂ ਡਿੱਠਾ ਰੂਸ-ਹੀਰਾ ਸਿੰਘ ਦਰਦ
(5) ਅਨਉੱਤਰਿਤ ਪ੍ਰਸ਼ਨ

43. 'ਡਲਹੌਜੀ ਤੋਂ ਲੈ ਕੇ ਰਾਵੀ ਨਦੀ ਦੇ ਕੰਢੇ ਕੰਢੇ' ਸਫ਼ਰ ਦਾ ਵਰਨਣ ਕਿਹੜੇ ਸਫ਼ਰਨਾਮੇ ਵਿੱਚ ਹੋਇਆ ਹੈ -
(1) ਮੇਰਾ ਅਨੁਭਵ
(2) ਸੱਚੋ ਸੱਚ
(3) ਜੰਗਲ ਜੰਗਲ ਪਰਬਤ ਪਰਬਤ
(4) ਅਣਡਿੱਠੇ ਰਸਤੇ ਉੱਚੇ ਪਰਬਤ
(5) ਅਨਉੱਤਰਿਤ ਪ੍ਰਸ਼ਨ

44. ਕਿਸ ਨਾਵਲਕਾਰ ਨੇ ਪੰਜਾਬੀ ਨਾਵਲ ਨੂੰ ਧਾਰਮਿਕ ਅਤੇ ਸੰਪਰਦਾਇਕ ਹਵਾਲਿਆਂ ਤੋਂ ਬਾਹਰ ਕੱਢ ਕੇ ਸਮਾਜਿਕ ਮਸਲਿਆਂ ਅਤੇ ਸਰੋਕਾਰਾਂ ਨਾਲ ਜੋੜਿਆ -
(1) ਭਾਈ ਵੀਰ ਸਿੰਘ (2) ਚਰਨ ਸਿੰਘ ਸ਼ਹੀਦ
(3) ਨਾਨਕ ਸਿੰਘ (4) ਮੋਹਨ ਸਿੰਘ ਵੈਦ
(5) ਅਨਉੱਤਰਿਤ ਪ੍ਰਸ਼ਨ

45. ਰੂਸ ਵੱਲੋਂ ਗੋਰਕੀ ਦੇ ਨਾਵਲ 'ਮਾਂ' ਨੂੰ ਪੰਜਾਬੀ ਵਿਚ ਅਨੁਵਾਦ ਕਰਨ ਲਈ 'ਸੋਵੀਅਤ ਲੈਂਡ ਨਹਿਰੂ ਪੁਰਸਕਾਰ' ਕਿਸ ਨੂੰ ਦਿੱਤਾ ਗਿਆ ?
(1) ਸ਼ਰਧਾ ਰਾਮ ਫਿਲੌਰੀ
(2) ਪ੍ਰਿੰ. ਤੇਜਾ ਸਿੰਘ
(3) ਗੁਰਬਖ਼ਸ਼ ਸਿੰਘ ਪ੍ਰੀਤਲੜੀ
(4) ਨਰਿੰਦਰ ਸਿੰਘ ਕਪੂਰ
(5) ਅਨਉੱਤਰਿਤ ਪ੍ਰਸ਼ਨ

46. 'ਕਿਹਰੂ ਦਸ ਨੰਬਰੀਆ' ਕਹਾਣੀ ਦਾ ਕਰਤਾ ਹੈ –
(1) ਗੁਰਬਚਨ ਸਿੰਘ ਭੁੱਲਰ
(2) ਪ੍ਰੇਮ ਪ੍ਰਕਾਸ਼
(3) ਕਰਤਾਰ ਸਿੰਘ ਦੁੱਗਲ
(4) ਗੁਰਬਖ਼ਸ਼ ਸਿੰਘ ਪ੍ਰੀਤਲੜੀ
(5) ਅਨਉੱਤਰਿਤ ਪ੍ਰਸ਼ਨ

47. ਕੁਲਵੰਤ ਸਿੰਘ ਵਿਰਕ ਦੀ ਕਿਹੜੀ ਕਹਾਣੀ ਕਾਮ ਅਤੇ ਅਤ੍ਰਿਪਤ ਮਨਾ ਦਾ ਯਥਾਰਥਵਾਦੀ ਚਿੱਤਰ ਪੇਸ਼ ਕਰਦੀ ਹੈ –
(1) ਧਰਤੀ ਹੇਠਲਾ ਬੱਲਦ (2) ਚਾਚਾ
(3) ਨਮਸਕਾਰ (4) ਮੁਰਦੇ ਦੀ ਤਾਕਤ
(5) ਅਨਉੱਤਰਿਤ ਪ੍ਰਸ਼ਨ

48. 'ਕਮਲਾ ਕੁਮਾਰੀ' ਨਾਟਕ ਦਾ ਕਰਤਾ ਹੈ –
(1) ਆਤਮਜੀਤ (2) ਹਰਚਰਨ ਸਿੰਘ
(3) ਕਪੂਰ ਸਿੰਘ ਘੁੰਮਣ (4) ਸੰਤ ਸਿੰਘ ਸੇਖੋਂ
(5) ਅਨਉੱਤਰਿਤ ਪ੍ਰਸ਼ਨ

49. 'ਆਤਮਜੀਤ-ਔਲਖ-ਚਰਨਦਾਸ ਸਿੱਧੂ-ਗੁਰਸ਼ਰਨ ਸਿੰਘ' ਦੀ ਚੌਕੜੀ ਪੰਜਾਬੀ ਨਾਟਕ ਦੀ ਕਿਸ ਪੀੜ੍ਹੀ ਨਾਲ ਸੰਬੰਧਤ ਹੈ –
(1) ਪਹਿਲੀ ਪੀੜ੍ਹੀ (2) ਦੂਜੀ ਪੀੜ੍ਹੀ
(3) ਤੀਜੀ ਪੀੜ੍ਹੀ (4) ਚੌਥੀ ਪੀੜ੍ਹੀ
(5) ਅਨਉੱਤਰਿਤ ਪ੍ਰਸ਼ਨ

50. ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਸਹੀ ਜੁੱਟ ਹੈ –
(1) ਬਾਬਾ ਬੋਲਦਾ ਹੈ, ਕੋਲਾਜ ਤੇਰਾ ਨਾਂ ਪੰਜਾਬ, ਰਿਸ਼ਤਿਆਂ ਦਾ ਕੀ ਰੱਖੀਏ ਨਾਂ
(2) ਬਾਬਾ ਬੋਲਦਾ ਹੈ, ਕੋਲਾਜ ਤੇਰਾ ਨਾਂ ਪੰਜਾਬ, ਸੀਣਾ
(3) ਬਾਬਾ ਬੋਲਦਾ ਹੈ, ਕੋਲਾਜ ਤੇਰਾ ਨਾਂ ਪੰਜਾਬ, ਕੱਲ੍ਹ ਕਾਲਜ ਬੰਦ ਰਹੇਗਾ
(4) ਬਾਬਾ ਬੋਲਦਾ ਹੈ, ਕੋਲਾਜ ਤੇਰਾ ਨਾਂ ਪੰਜਾਬ, ਇੱਕੀਵੀਂ ਸਦੀ
(5) ਅਨਉੱਤਰਿਤ ਪ੍ਰਸ਼ਨ

51. ਜਸਵੰਤ ਸਿੰਘ ਕੰਵਲ ਨੇ ਕਿਸ ਨਾਵਲ ਵਿਚ ਪੈਪਸੂ ਇਲਾਕੇ ਵਿਚਲੀ, ਜਾਗੀਰਦਾਰੀ ਦੇ ਖਿਲਾਫ਼ ਉੱਠੀ ਕਿਸਾਨੀ ਲਹਿਰ ਦੇ ਰਾਜਸੀ ਸੰਘਰਸ਼ ਨੂੰ ਵਿਸ਼ਾ ਬਣਾਇਆ ?
(1) ਹਾਣੀ (2) ਰਾਤ ਬਾਕੀ ਹੈ
(3) ਲਹੂ ਦੀ ਲੋਅ (4) ਸੁੰਦਰਾਂ
(5) ਅਨਉੱਤਰਿਤ ਪ੍ਰਸ਼ਨ

52. ਵੈਦਿਕ ਸੰਸਕ੍ਰਿਤ ਤੋਂ ਪਿੱਛੋ ਭਾਰਤੀ ਆਰੀਆਈ ਪਰਿਵਾਰ ਦੀ ਪ੍ਰਤਨਿੱਧ ਭਾਸ਼ਾ ਸੀ –
(1) ਪਾਲੀ (2) ਕੈਕਯ
(3) ਪੈਸ਼ਾਚੀ (4) ਸ਼ੌਰਸੈਣੀ
(5) ਅਨਉੱਤਰਿਤ ਪ੍ਰਸ਼ਨ

53. ਆਧੁਨਿਕ ਹਿੰਦ ਆਰੀਆਈ ਭਾਸ਼ਾਵਾਂ ਅਤੇ ਇਹਨਾਂ ਦੇ ਸ੍ਰੋਤ ਦਾ ਕਿਹੜਾ ਜੁੱਟ ਸਹੀ ਨਹੀਂ ਹੈ –
(1) ਸ਼ੌਰਸੈਣੀ–ਪੱਛਮੀਂ ਹਿੰਦੀ ਤੇ ਗੁਜਰਾਤੀ
(2) ਕੈਕਯ–ਪੰਜਾਬੀ
(3) ਮਾਗਧੀ–ਪੂਰਬੀ ਹਿੰਦੀ
(4) ਮਹਾਰਾਸ਼ਟਰੀ–ਮਰਾਠੀ
(5) ਅਨਉੱਤਰਿਤ ਪ੍ਰਸ਼ਨ

54. ਪੰਜਾਬੀ ਭਾਸ਼ਾ ਵਿੱਚ ਫ਼ਾਰਸੀ ਰਾਹੀਂ ਕਿਹੜੀ–ਕਿਹੜੀ ਭਾਸ਼ਾ ਦੇ ਸ਼ਬਦ ਦਾਖਲ ਹੋਏ ਹਨ –
(1) ਅਰਬੀ (2) ਉਰਦੂ
(3) ਤੁਰਕੀ (4) ਇਹ ਸਾਰੇ
(5) ਅਨਉੱਤਰਿਤ ਪ੍ਰਸ਼ਨ

55. ਕਰਨੈਲ ਸਿੰਘ ਥਿੰਦ ਅਨੁਸਾਰ, ਐਸ.ਕੇ.ਚੈਟਰਜੀ ਅਤੇ ਭੋਲਾ ਨਾਥ ਤਿਵਾੜੀ ਦੁਆਰਾ ਸੁਝਾਇਆ ਪਦ, ਜੋ ਅੰਗਰੇਜੀ ਪਦ 'ਫੋਕਲੋਰ' ਦੀ ਭਾਵਨਾ ਨੂੰ ਪੂਰੀ ਤਰ੍ਹਾਂ ਅਭਿਵਿਅਕਤ ਕਰਦਾ ਹੈ –
(1) ਲੋਕਧਾਰਾ (2) ਲੋਕ ਪਰੰਪਰਾ
(3) ਲੋਕ ਵੇਦ (4) ਲੋਕਯਾਨ
(5) ਅਨਉੱਤਰਿਤ ਪ੍ਰਸ਼ਨ

56. ਕਰਨੈਲ ਸਿੰਘ ਥਿੰਦ ਅਨੁਸਾਰ ਲੋਕ ਮਾਨਸ ਦੀ ਪ੍ਰਵਿਰਤੀ ਕਿਹੜੇ ਲੋਕਾਂ ਵਿੱਚ ਪਾਈ ਜਾਂਦੀ ਹੈ –
(1) ਪੜ੍ਹੇ ਅਤੇ ਅਣਪੜ੍ਹ
(2) ਪੇਂਡੂ ਤੇ ਸ਼ਹਿਰੀ
(3) ਸਭਿਆ ਤੇ ਅਸਭਿਆ
(4) ਇਹ ਸਾਰੇ
(5) ਅਨਉੱਤਰਿਤ ਪ੍ਰਸ਼ਨ

57. ਪੰਜਾਬ ਸੰਕਟ ਦੀ ਸੁਹਿਰਦ ਪੇਸ਼ਕਾਰੀ ਵਾਲਾ ਨਾਟਕ ਹੈ –
(1) ਰਿਸ਼ਤਿਆਂ ਦਾ ਕੀ ਰੱਖੀਏ ਨਾਂ
(2) ਗਾਨੀ
(3) ਵਰਘਰ
(4) ਕੁਆਰੀ ਟੀਸੀ
(5) ਅਨਉੱਤਰਿਤ ਪ੍ਰਸ਼ਨ

58. ਪੰਜਾਬੀ ਸਭਿਆਚਾਰ ਦੀ ਨਿੱਖੜਵੀਂ ਹੋਂਦ ਨਿਰੰਤਰ ਸੰਘਰਸ਼ ਅਤੇ ਸਵੈ ਪਛਾਣ ਦੇ ਕਠੋਰ, ਵਿਕਰਾਲ, ਸਾਹਸੀ ਅਤੇ ਕੁਰਬਾਨੀਆਂ ਭਰਪੂਰ ਅਮਲ ਵਿੱਚੋਂ ਪਨਪੀ ਹੈ । ਟਿੱਪਣੀਕਾਰ ਹੈ –
(1) ਡਾ. ਜਸਵਿੰਦਰ ਸਿੰਘ
(2) ਦੇਵਿੰਦਰ ਸਤਿਆਰਥੀ
(3) ਸ.ਸ. ਵਣਜਾਰਾ ਬੇਦੀ
(4) ਜੋਗਿੰਦਰ ਸਿੰਘ ਕੈਰੋਂ
(5) ਅਨਉੱਤਰਿਤ ਪ੍ਰਸ਼ਨ

59. ਲੋਕ ਸਾਹਿਤ ਦੀ ਪ੍ਰਤਿਸ਼ਠਾ ਨੂੰ ਮੁੱਖ ਰੱਖ ਕੇ ਕਿਸ ਵਿਦਵਾਨ ਨੇ ਕਿਹਾ ਕਿ ਜਿਹੜਾ ਲੇਖਕ ਆਪਣੇ ਲੋਕ ਸਾਹਿਤ ਤੋਂ ਅਪਰਿਚਿਤ ਹੈ, ਉਹ ਕਦੇ ਚੰਗਾ ਲੇਖਕ ਨਹੀਂ ਬਣ ਸਕਦਾ –
(1) ਲਿਓ ਤਾਲਸਤਾਏ (2) ਫੈਡਰਿਕ ਜੇਮਸਨ
(3) ਮੈਕਸਿਮ ਗੋਰਕੀ (4) ਲੋਰਕਾ
(5) ਅਨਉੱਤਰਿਤ ਪ੍ਰਸ਼ਨ

60. ਲੋਕ ਮਨ ਨੂੰ – ਪਰਾ ਕਲਪਣਾ, ਆਤਮਸ਼ੀਲ ਚਿੰਤਨ, ਟੂਣਾ ਚਿੰਤਨ, ਅਨੁਸ਼ਠਾਨ ਚਿੰਤਨ – ਚਾਰ ਸ਼੍ਰੇਣੀਆਂ ਵਿਚ ਕਿਸ ਵਿਦਵਾਨ ਨੇ ਵੰਡਿਆ ਹੈ –
(1) ਕਰਨੈਲ ਸਿੰਘ ਥਿੰਦ
(2) ਹਜਾਰੀ ਪ੍ਰਸਾਦ ਦ੍ਵਿਵੇਦੀ
(3) ਸ਼ਯਾਮ ਪਰਮਾਰ
(4) ਡਾ. ਸਤੇਂਦ੍ਰ
(5) ਅਨਉੱਤਰਿਤ ਪ੍ਰਸ਼ਨ

61. 'ਸੁਹਾਗ' ਦਾ ਸ਼ਾਬਦਿਕ ਅਰਥ ਹੈ –
(1) ਪਤੀ (2) ਲਾੜਾ
(3) ਖੁਸ਼ਨਸੀਬੀ (4) ਸਿਰ ਦਾ ਸਾਈਂ
(5) ਅਨਉੱਤਰਿਤ ਪ੍ਰਸ਼ਨ

62. ਹੇਠ ਲਿਖੇ ਵਾਕ ਨੂੰ ਪੂਰਾ ਕਰੋ :
"ਜ਼ਿਮੇਵਾਰ ਸਮੂਹਿਕ ਸਭਿਆਚਾਰਕ ਜੀਵਨ-ਢੰਗ ਦੇ ਆਪਣੇ ਵਿਹਾਰ ਪੈਟਰਨ, ਪ੍ਰਤਿਮਾਨਾਂ ਤੇ ਕੀਮਤਾਂ ਦਾ ਤਾਣਾ-ਪੇਟਾ ਇਸ ਨੂੰ ____ ਪ੍ਰਦਾਨ ਕਰਦਾ ਹੈ ।"
(1) ਖੜੋਤ (2) ਰੁਕਾਵਟ
(3) ਅੜਚਣ (4) ਗਤੀਸ਼ੀਲਤਾ
(5) ਅਨਉੱਤਰਿਤ ਪ੍ਰਸ਼ਨ

63. 'ਢੋਲਾ' ਲੋਕ ਗੀਤ ਕਿਹੜੇ ਸਾਜ ਤੇ ਗਾਇਆ ਜਾਂਦਾ ਹੈ –
(1) ਢੋਲ (2) ਬਿਨਾਂ ਕਿਸੇ ਸਾਜ ਦੇ
(3) ਢੋਲਕੀ (4) ਡੱਫ
(5) ਅਨਉੱਤਰਿਤ ਪ੍ਰਸ਼ਨ

64. ਪੰਜਾਬੀ ਲੋਕ ਗੀਤ 'ਘੋੜੀਆਂ' ਵਿੱਚ ਕਿਤੇ ਕਿਤੇ ਘ੍ਰਿਣਾ ਦਾ ਭਾਵ ਵੀ ਪ੍ਰਗਟ ਹੁੰਦਾ ਹੈ, ਇਹ ਭਾਵ ਕਿਸ ਪ੍ਰਤੀ ਹੁੰਦਾ ਹੈ –
(1) ਵਡੇਰੀ ਉਮਰ ਦੀ ਪਤਨੀ ਪ੍ਰਤੀ
(2) ਲੋਭੀ ਸ਼ਰੀਕੇ ਪ੍ਰਤੀ
(3) ਮਤਰੇਈ ਮਾਂ ਪ੍ਰਤੀ
(4) ਲਾਲਚੀ ਵਿਚੋਲੇ ਪ੍ਰਤੀ
(5) ਅਨਉੱਤਰਿਤ ਪ੍ਰਸ਼ਨ

65. 'ਸਲੋਕ' ਦਾ ਸਾਧਾਰਨ ਅਰਥ ਨਹੀਂ ਹੈ
(1) ਪ੍ਰਸ਼ੰਸ਼ਾ (2) ਉਸਤਤਿ
(3) ਯਸ਼ ਗਾਨ (4) ਮੰਗਲਾਚਰਨ
(5) ਅਨਉੱਤਰਿਤ ਪ੍ਰਸ਼ਨ

66. 'ਪੱਟੀ' ਨੂੰ ਕਹਿ ਲਿਆ ਜਾਂਦਾ ਹੈ –
(1) ਪੈਂਤੀ ਅੱਖਰੀ (2) ਬਾਵਨ ਅੱਖਰੀ
(3) ਅੱਖਰ ਕਾਵਿ ਰੂਪ (4) ਸ਼ਬਦ ਕਾਵਿ
(5) ਅਨਉੱਤਰਿਤ ਪ੍ਰਸ਼ਨ

67. ਸੋਮਵਾਰਿ ਸਚਿ ਰਹਿਆ ਸਮਾਇ
ਤਿਸ ਕੀ ਕੀਮਤ ਕਹੀ ਨ ਜਾਇ
ਆਖਿ ਆਖਿ ਰਹੈ ਸਭਿ ਲਿਵ ਲਾਇ
ਜਿਸ ਦੇਵੈ ਤਿਸੁ ਪਲੈ ਪਾਇ
ਉਪਰੋਕਤ ਕਾਵਿ ਬੰਦ ਕਿਹੜੀ ਕਾਵਿ ਵੰਨਗੀ ਹੈ –
(1) ਅਲਾਹੁਣੀ (2) ਸਤਵਾਰਾ
(3) ਅੰਜੁਲੀ (4) ਸੀਹਰਫ਼ੀ
(5) ਅਨਉੱਤਰਿਤ ਪ੍ਰਸ਼ਨ

68. 'ਮਾਹੀਆ' ਲੋਕ ਕਾਵਿ ਵੰਨਗੀ ਕਿਸ ਵਿਸ਼ੇਸ਼ ਖਿੱਤੇ ਨਾਲ ਸੰਬੰਧਤ ਹੈ
(1) ਲਾਹੌਰ, ਕਸੂਰ
(2) ਗੁਜਰਾਂਵਾਲਾ, ਸਿਆਲਕੋਟ
(3) ਪਿੰਡੀ ਭੱਟੀਆਂ, ਮੀਆਂਵਾਲੀ
(4) ਗੁਜਰਾਤ, ਰਾਵਲਪਿੰਡੀ
(5) ਅਨਉੱਤਰਿਤ ਪ੍ਰਸ਼ਨ

69. 'ਜਨਮ-ਸਾਖੀ ਵਿਚ ਨਾਇਕ ਦੇ ਜਨਮ ਬ੍ਰਿਤਾਂਤ ਹੀ ਨਹੀਂ ਸਗੋਂ ______ ਜੀਵਨ ਦੀਆਂ ਚੋਣਵੀਂਆਂ ਘਟਨਾਵਾਂ ਦਾ ਵਰਣਨ ਹੁੰਦਾਹੈ ।'
ਉਪਰੋਕਤ ਖਾਲੀ ਥਾਂ ਹੇਠ ਲਿਖਿਆਂ ਵਿਚੋਂ ਪੂਰੀ ਕਰੋ :
(1) ਕੁੱਝ (2) ਥੋੜ੍ਹੇ
(3) ਆਂਸ਼ਿਕ (4) ਸਮੁੱਚੇ
(5) ਅਨਉੱਤਰਿਤ ਪ੍ਰਸ਼ਨ

70. ਕਿਹੜਾ ਉਚਾਰਨੀ ਅੰਗ, ਚੁਸਤ ਉਚਾਰਨੀ ਅੰਗ ਨਹੀਂ ਹੈ –
(1) ਬੁੱਲ੍ਹ (2) ਦੰਦ
(3) ਕੋਮਲ ਤਾਲੂ (4) ਜੀਭ
(5) ਅਨਉੱਤਰਿਤ ਪ੍ਰਸ਼ਨ

71. 'ਭਾਸ਼ਾ ਦਾ ਅਧਿਐਨ ਪ੍ਰਮੁਖ ਤੌਰ ਤੇ ਮੌਖਿਕ ਭਾਸ਼ਾ ਦਾ ਹੀ ਅਧਿਐਨ ਹੈ, ਲਿਖਤੀ ਪਾਠ ਦਾ ਨਹੀਂ ।'
– ਇਹ ਧਾਰਨਾ ਕਿਸ ਵਿਦਵਾਨ ਦੀ ਹੈ
(1) ਸਾਸਿਊਰ (2) ਵਿਲੀਅਮ ਜੌਨਜ਼
(3) ਡੇਵਿਡ ਕਰਿਸਟਲ (4) ਜੋਹਨ ਲਾਇਨਜ਼
(5) ਅਨਉੱਤਰਿਤ ਪ੍ਰਸ਼ਨ

72. ਦੰਤ ਪਠਾਰੀ ਧੁਨੀਆਂ ਹਨ :
(1) ਦ, ਠ (2) ਤ, ੜ
(3) ਲ, ਸ (4) ਰ, ਕ
(5) ਅਨਉੱਤਰਿਤ ਪ੍ਰਸ਼ਨ

73. ਤਾਲੂ ਦੇ ਬਿਲਕੁਲ ਅਖੀਰਲੇ ਹਿੱਸੇ ਨੂੰ ਕਿਹਾ ਜਾਂਦਾ ਹੈ
(1) ਕਾਕਲ (2) ਸਖਤ ਤਾਲੂ
(3) ਕੋਮਲ ਤਾਲੂ (4) ਸਪਰਸ਼ੀ ਪਠਾਰ
(5) ਅਨਉੱਤਰਿਤ ਪ੍ਰਸ਼ਨ

74. ਜਦੋਂ ਦੋ ਜਾਂ ਦੋ ਤੋਂ ਵੱਧ ਵਿਅੰਜਨ ਬਿਨਾਂ ਸਵਰ ਤੋਂ ਉਚਾਰੇ ਜਾਣ ਤਾਂ ਉਸ ਨੂੰ ਕਿਹਾ ਜਾਂਦਾ ਹੈ :
(1) ਵਿਅੰਜਨ ਗੁੱਛੇ (2) ਸਹਿ ਵਿਅੰਜਨ
(3) ਵਿਅੰਜਨ ਭਾਵ ਅੰਸ਼ੀ (4) ਅਡੱਕਵੇਂ ਵਿਅੰਜਨ
(5) ਅਨਉੱਤਰਿਤ ਪ੍ਰਸ਼ਨ

75. ਪੰਜਾਬੀ ਵਿੱਚ ਮਿਲਦੇ ਬਾਰਾਂਮਾਹਾਂ ਵਿੱਚੋਂ ਸਭ ਤੋਂ ਪ੍ਰਾਚੀਨ ਬਾਰਾਂਮਾਂਹ ਕਿਹੜਾ ਹੈ
(1) ਅਲੀ ਹੈਦਰ ਦਾ ਬਾਰਾਂਮਾਂਹ
(2) ਗੁਰੂ ਨਾਨਕ ਦੇਵ ਜੀ ਦਾ ਬਾਰਾਂਮਾਂਹ
(3) ਵਾਰਿਸ ਸ਼ਾਹ ਦਾ ਬਾਰਾਂਮਾਂਹ
(4) ਗੁਰੂ ਅਰਜਨ ਦੇਵ ਜੀ ਦਾ ਬਾਰਾਂਮਾਂਹ
(5) ਅਨਉੱਤਰਿਤ ਪ੍ਰਸ਼ਨ

76. ਉਚਾਰਨੀ ਧੁਨੀ ਵਿਗਿਆਨ ਅੰਤਰਗਤ ਅਧਿਐਨ ਕੀਤਾ ਜਾਂਦਾ ਹੈ –
(1) ਪੌਣ ਧਾਰਾ ਦੀ ਉੱਤਪਤੀ ਤੋਂ ਲੈ ਕੇ ਫੇਫੜਿਆਂ ਤੱਕ ਦੇ ਸਫਰ ਦਾ ਅਧਿਐਨ
(2) ਫੇਫੜਿਆਂ ਤੋਂ ਲੈ ਕੇ ਬੁੱਲਾਂ ਦਰਮਿਆਨ ਦੀ ਉਚਾਰਨ ਪ੍ਰਕਿਰਿਆ ਦਾ ਅਧਿਐਨ
(3) ਉਚਾਰਨ ਤੋਂ ਲੈ ਕੇ ਕੰਨਾਂ ਤੱਕ ਦੀ ਪ੍ਰਕਿਰਿਆ ਦਾ ਅਧਿਐਨ
(4) ਧੁਨੀਆਂ ਦੇ ਉਚਾਰਨ ਤੋਂ ਲੈ ਕੇ ਅਰਥਾਂ ਦੀ ਉੱਤਪਤੀ ਤੱਕ ਦਾ ਅਧਿਐਨ
(5) ਅਨਉੱਤਰਿਤ ਪ੍ਰਸ਼ਨ

77. ਚਿੰਨ੍ਹ (Sign) ਤੋਂ ਕੀ ਭਾਵ ਹੈ –
(1) ਕਿਰਿਆ ਦਾ ਵਾਹਕ (2) ਸੂਚਨਾ ਦਾ ਵਾਹਕ
(3) ਕਰਮ ਦਾ ਵਾਹਕ (4) ਕਰਤਾ ਦਾ ਵਾਹਕ
(5) ਅਨਉੱਤਰਿਤ ਪ੍ਰਸ਼ਨ

78. ਲਾਂਗੇਯ ਵਿੱਚੋਂ ਪੈਰੋਲ ਨੂੰ ਛੱਡ ਕੇ ਬਾਕੀ ਬਚਦੇ ਹਿੱਸੇ ਨੂੰ ਕਿਹਾ ਜਾਂਦਾ ਹੈ –
(1) ਚਿਹਨ
(2) ਲਾਂਗ
(3) ਵਿਅਕਤੀਗਤ ਉਚਾਰਨ
(4) ਸਮੂਹਿਕ ਉਚਾਰਨ
(5) ਅਨਉੱਤਰਿਤ ਪ੍ਰਸ਼ਨ

79. ਸਾਸਿਊਰ ਨੇ ਭਾਸ਼ਾ ਦੇ ਦੁਕਾਲਕ ਅਧਿਐਨ ਦੀ ਬਜਾਇ ਇਕਾਲਕ ਅਧਿਐਨ ਤੇ ਜ਼ੋਰ ਦਿੱਤਾ ਹੈ, ਕਿਉਂਕਿ –
(1) ਚਿਹਨਕ ਅਤੇ ਚਿਹਨਤ ਵਿੱਚ ਕੋਈ ਕੁਦਰਤੀ ਜਾਂ ਪਰੰਪਰਕ ਸੰਬੰਧ ਨਹੀਂ ਹੁੰਦਾ ।
(2) ਚਿਹਨਕ ਦਾ ਕੋਈ ਅਜਿਹਾ ਪਹਿਲੂ ਨਹੀਂ ਜੋ ਸਮੇਂ, ਸਥਾਨ ਦੀਆਂ ਬੰਦਿਸ਼ਾਂ ਤੋਂ ਮੁਕਤ ਹੋਵੇ ।
(3) ਚਿੰਨ੍ਹਾਂ ਦਾ ਅਧਿਐਨ ਅਇਤਿਹਾਸਕ ਹੈ, ਕਿਉਂਕਿ ਚਿੰਨ੍ਹਾਂ ਦਾ ਵਜੂਦ ਸੰਬੰਧਾਤਮਕ ਹੁੰਦਾ ਹੈ ।
(4) ਇਹ ਸਾਰੇ ।
(5) ਅਨਉੱਤਰਿਤ ਪ੍ਰਸ਼ਨ

80. '______' ਨੇ ਭਾਸ਼ਾ ਦੇ ਸਮਕਾਲੀ ਸਰੰਚਨਾਤਮਕ ਅਧਿਐਨ ਦੀ ਪਿਰਤ ਪਾਈ ।
(1) ਸੋਸਿਉਰ (2) ਯੱਕ ਲਾਕਾਂ
(3) ਜੈਕੱਬਸਨ (4) ਹਰਜੀਤ ਸਿੰਘ ਗਿੱਲ
(5) ਅਨਉੱਤਰਿਤ ਪ੍ਰਸ਼ਨ

81. ਕਿਸ ਭਾਸ਼ਾ ਵਿਗਿਆਨੀ ਦੁਆਰਾ ਸਥਾਪਿਤ ਭਾਸ਼ਾ ਵਿਗਿਆਨ ਦੇ ਸਿਧਾਂਤ ਨੂੰ 'ਰੂਪਾਂਤਰੀ ਸਿਰਜਣਾਤਮਕ ਵਿਆਕਰਨ' ਦਾ ਨਾਂ ਦਿੱਤਾ ਗਿਆ ਹੈ –

(1) ਫਰਦੀਨਾ ਦਾ ਸਾਸਿਊਰ
(2) ਨੌਮ ਚੌਮਸਕੀ
(3) ਐਮ.ਕੇ.ਏ. ਹੈਲੀਡੇ
(4) ਰੋਮਨ ਜੈਕਬਸਨ
(5) ਅਨਉੱਤਰਿਤ ਪ੍ਰਸ਼ਨ

82. ਕਿਸ ਭਾਸ਼ਾ ਵਿਗਿਆਨੀ ਅਨੁਸਾਰ ਭਾਸ਼ਾਈ ਯੋਗਤਾ ਸੀਮਤ ਹੁੰਦੀ ਹੈ, ਜੋ ਅੱਗੋਂ ਅਸੀਮਤ ਭਾਸ਼ਾਈ ਸੰਰਚਨਾਵਾਂ ਦੀ ਸਿਰਜਣਾ ਕਰਦੀ ਹੈ।

(1) ਨੌਮ ਚੌਮਸਕੀ (2) ਸਾਸਿਊਰ
(3) ਹੈਲੀਡੇ (4) ਯੱਕ ਲਾਕਾਂ
(5) ਅਨਉੱਤਰਿਤ ਪ੍ਰਸ਼ਨ

83. ਭਰਤ ਮੁਨੀ ਦੇ 'ਨਾਟ ਸ਼ਾਸਤਰ' ਵਿੱਚ 8 ਰਸਾਂ ਦਾ ਉਲੇਖ ਹੋਇਆ ਹੈ । ਬਾਅਦ ਦੇ ਅਚਾਰੀਆਂ ਨੇ ਕਿਹੜਾ ਨੌਵਾਂ ਰਸ ਸਵੀਕਾਰ ਕੀਤਾ –

(1) ਰੌਦਰ ਰਸ (2) ਹਾਸ ਰਸ
(3) ਅਦਭੁਤ ਰਸ (4) ਸ਼ਾਂਤ ਰਸ
(5) ਅਨਉੱਤਰਿਤ ਪ੍ਰਸ਼ਨ

84. ਕਲਾ ਜਾਂ ਕਾਵਿ ਵਿੱਚ ਵਸਤ ਦੇ ਕਿਹੜੇ ਰੂਪ ਦਾ ਅਨੁਕਰਣ ਕੀਤਾ ਜਾਂਦਾ ਹੈ ?

(1) ਪ੍ਰਤੀਤ ਰੂਪ ਦਾ ।
(2) ਸੰਭਾਵਿਤ ਰੂਪ ਦਾ ।
(3) ਆਦਰਸ਼ ਰੂਪ ਦਾ ।
(4) ਪ੍ਰਤੀਤ, ਸੰਭਾਵਿਤ ਅਤੇ ਆਦਰਸ਼ ਰੂਪ ਦਾ ।
(5) ਅਨਉੱਤਰਿਤ ਪ੍ਰਸ਼ਨ

85. ਦੋ ਸਮਕਾਲੀਨ ਭਾਸ਼ਾਵਾਂ ਦੀ ਸੰਰਚਨਾ ਦੀ ਤੁਲਨਾ ਕਿਸਵਿਗਿਆਨ ਦੇ ਅੰਤਰਗਤ ਕੀਤੀ ਜਾਂਦੀ ਹੈ –

(1) ਭਾਸ਼ਾ ਵਿਗਿਆਨ
(2) ਤੁਲਨਾਤਮਕ ਭਾਸ਼ਾ ਵਿਗਿਆਨ
(3) ਟਾਕਰਵਾਂ ਭਾਸ਼ਾ ਵਿਗਿਆਨ
(4) ਧੁਨੀਆਤਮਕ ਭਾਸ਼ਾ ਵਿਗਿਆਨ
(5) ਅਨਉੱਤਰਿਤ ਪ੍ਰਸ਼ਨ

86. ਦੁਖਾਂਤ ਦੇ ਲੱਛਣ ਅਤੇ ਗੁਣਾਂ ਨੂੰ ਨਿਰਧਾਰਿਤ ਕਰਦੇ ਹੋਏ ਕਥਾਰਸਿਸ (ਵਿਰੇਚਨ) ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਕਿਹੜੇ ਯੂਨਾਨੀ ਦਾਰਸ਼ਨਿਕ ਨੇ ਕੀਤਾ ?

(1) ਐਸਕਲੀਅਸ
(2) ਅਰਸਤੂ
(3) ਨਿਕੋਸ ਕਜ਼ਾਨਜ਼ਾਕਸ
(4) ਯੂਰੀਪਿਡਜ਼
(5) ਅਨਉੱਤਰਿਤ ਪ੍ਰਸ਼ਨ

87. ਤ੍ਰਾਸਦੀ ਦੀ ਵਿਧੀ ਮੰਨੀ ਜਾਂਦੀ ਹੈ –

(1) ਕਾਰਜ ਵਪਾਰ (2) ਬਿਰਤਾਂਤ
(3) ਕਥਾਨਕ (4) ਕਥਾ
(5) ਅਨਉੱਤਰਿਤ ਪ੍ਰਸ਼ਨ

88. ਲੌਂਜਾਈਨਮ ਨੇ ਉੱਦਾਤ ਰਚਨਾ ਦਾ ਲੱਛਣ ਸਵੀਕਾਰ ਨਹੀਂ ਕੀਤਾ ਹੈ –

(1) ਉੱਦਾਤ ਰਚਨਾ ਦੀ ਭਾਸ਼ਾ ਉੱਚ ਅਤੇ ਉੱਤਮ ਹੁੰਦੀ ਹੈ ।
(2) ਉੱਦਾਤ ਰਚਨਾ ਦਾ ਪ੍ਰਭਾਵ ਪ੍ਰਬਲ ਅਤੇ ਆਰੋਕ ਹੁੰਦਾ ਹੈ, ਜਿਸ ਨੂੰ ਸ੍ਰੋਤਾ ਰੋਕ ਨਹੀਂ ਸਕਦਾ ।
(3) ਉੱਦਾਤ ਰਚਨਾ ਦਾ ਪ੍ਰਭਾਵ ਚਿਰ ਸਥਾਈ ਹੁੰਦਾ ਹੈ । ਹਰ ਇੱਕ ਪਿਛਲੇਰਾ ਪ੍ਰਭਾਵ ਪਹਿਲੇ ਨੂੰ ਵਧੇਰੇ ਗੂੜ੍ਹਾ ਕਰਦਾ ਹੈ ।
(4) ਉੱਦਾਤ ਕਿਰਤ ਦਾ ਅਰਥ ਸ਼ਬਦਾਰਥ ਤੱਕ ਸੀਮਤ ਹੁੰਦਾ ਹੈ ।
(5) ਅਨਉੱਤਰਿਤ ਪ੍ਰਸ਼ਨ

89. "ਮਹਾਨ ਰਚਨਾਵਾਂ ਨੂੰ ਬੜੇ ਬਿਖੜੇ ਪੈਂਡੇ ਥਾਣੀ ਲੰਘਣਾ ਪੈਂਦਾ ਹੈ । ਜੋ ਕੁਝ ਵੀ ਮਹਾਨ ਹੈ, ਉਹ ਆਪਣੀ ਮਹਾਨਤਾ ਸਦਕਾ ਹੀ ਸੰਕਟ ਵਿੱਚ ਗ੍ਰਸਿਆ ਰਹਿੰਦਾ ਹੈ" – ਟਿੱਪਣੀ ਕਿਸ ਵਿਦਵਾਨ ਦੀ ਹੈ

(1) ਅਰਸਤੂ (2) ਪਲੈਟੋ
(3) ਲੌਂਜਾਈਨਸ (4) ਸੁਕਰਾਤ
(5) ਅਨਉੱਤਰਿਤ ਪ੍ਰਸ਼ਨ

90. ਅਚਾਰੀਆ ਭਟਨਾਯਕ ਅਤੇ ਰਾਮਚੰਦ੍ਰ ਸ਼ੁਕਲ ਅਨੁਸਾਰ ਆਧਾਰਨੀਕਰਨ ਹੁੰਦਾ ਹੈ –

(1) ਸੰਚਾਰੀ ਭਾਵ ਦਾ
(2) ਆਲੰਬਨ ਵਿਭਾਵ ਦਾ
(3) ਉਦੀਪਨ ਵਿਭਾਵ ਦਾ
(4) ਅਨੁਭਾਵ ਦਾ
(5) ਅਨਉੱਤਰਿਤ ਪ੍ਰਸ਼ਨ

91. ਕਿਹੜਾ ਰੂਪਵਾਦੀ ਚਿੰਤਕ ਫੈਬੁਲਾ ਨੂੰ ਘਟਨਾਵਾਂ ਦਾ ਵਾਪਰ ਕ੍ਰਮ ਅਤੇ ਸੁਜੈਤ ਨੂੰ ਘਟਨਾਵਾਂ ਦੀ ਪੇਸ਼ਕ੍ਰਮ ਪ੍ਰਵਾਨ ਕਰਦਾ ਹੈ –
(1) ਜੈਕਬਸਨ (2) ਤੋਮਾਸ਼ੇਵਸਕੀ
(3) ਸ਼ਕਲੋਵਸਕੀ (4) ਲੈਵੀ ਸਤ੍ਰਾਸ
(5) ਅਨਉੱਤਰਿਤ ਪ੍ਰਸ਼ਨ

92. ਬੋਰਿਸ ਤੋਮਾਸ਼ੇਵਸਕੀ ਕਥਾਨਕ ਦੇ ਲਘੂਤਮ ਅਤੇ ਅਖੰਡਨੀ ਅੰਗ ਨੂੰ ਆਖਦਾ ਹੈ –
(1) ਵਿਗੋਪਨ (2) ਮੋਟਿਫ
(3) ਰੂਪਕ (4) ਸੁਜੈਤ
(5) ਅਨਉੱਤਰਿਤ ਪ੍ਰਸ਼ਨ

93. ਹੇਠ ਲਿਖੀਆਂ ਪੁਸਤਕਾਂ ਵਿਚੋਂ, ਕਿਹੜੀ ਪੁਸਤਕ ਡਾ. ਅਤਰ ਸਿੰਘ ਦੀ ਨਹੀਂ ਹੈ ?
(1) ਕਾਵਿ ਅਧਿਅਨ (2) ਦ੍ਰਿਸ਼ਟੀਕੋਣ
(3) ਸਮਦਰਸ਼ਨ (4) ਸਾਹਿਤਆਰਥ
(5) ਅਨਉੱਤਰਿਤ ਪ੍ਰਸ਼ਨ

94. ਪ੍ਰਿੰ. ਸੰਤ ਸਿੰਘ ਸੇਖੋਂ ਦੀ ਆਲੋਚਨਾ-ਪੱਧਤੀ ਨਾਲ ਪੰਜਾਬੀ ਆਲੋਚਨਾ ਇਕ ਨਵਾਂ ਮੋੜ ਕੱਟਦੀ ਹੈ । ਸ਼੍ਰੀ ਸੇਖੋਂ ਇਕ ਸਿੱਧਾਂਤਵਾਦੀ ਸਮੀਖਿਆਕਾਰ ਹਨ । ਇਨ੍ਹਾ ਦੀ ਸਮੀਖਿਆ ਦਾ ਕਿਹੜਾ ਆਧਾਰ ਹੈ ?
(1) ਮਾਰਕਸ ਦਾ ਫ਼ਲਸਫ਼ਾ
(2) ਰੂਸੀ ਰੂਪਵਾਦ
(3) ਨਵ ਅਸਰੀਕੀ ਆਲੋਚਨਾ
(4) ਸੰਰਚਨਾਵਾਦ
(5) ਅਨਉੱਤਰਿਤ ਪ੍ਰਸ਼ਨ

95. ਡਾ. ਹਰਿਭਜਨ ਸਿੰਘ ਅਨੁਸਾਰ ਕਿਹੜੀ ਪੰਜਾਬੀ ਸਮੀਖਿਆ ਦੀ ਪਹਿਲੀ ਉਲੇਖਯੋਗ ਮੌਲਿਕ ਕਿਰਤ ਹੈ, ਜਿਸ ਨੇ ਸਾਹਿਤ ਦੀ ਪ੍ਰਕਿਰਿਆ ਨੂੰ ਸਿਧਾਂਤਕ ਪੱਧਰ ਉੱਪਰ ਸਮਝਣ ਦਾ ਯਤਨ ਕੀਤਾ –
(1) ਦ੍ਰਿਸ਼ਟੀਕੋਣ (2) ਸਾਹਿਤ ਦੀ ਸਮਝ
(3) ਰੂਪਕੀ (4) ਸਾਹਿਤਿਆਰਥ
(5) ਅਨਉੱਤਰਿਤ ਪ੍ਰਸ਼ਨ

96. ਰੂਸੀ ਰੂਪਵਾਦੀ ਆਲੋਚਨਾ ਪ੍ਰਣਾਲੀ ਵਿੱਚ ਪੇਸ਼ ਅਜਨਬੀਕਰਨ ਦਾ ਸਿਧਾਂਤ ਕਿਹੜੇ ਵਿਦਵਾਨ ਨੇ ਦਿੱਤਾ –
(1) ਟਰਾਟਸਕੀ (2) ਜੈਕਬਸਨ
(3) ਸ਼ਕਲੋਵਸਕੀ (4) ਤੋਮਾਸੇਵਸਕੀ
(5) ਅਨਉੱਤਰਿਤ ਪ੍ਰਸ਼ਨ

97. ਹੇਠ ਲਿਖੀਆਂ ਵੰਨਗੀਆਂ ਵਿੱਚੋਂ ਕਿਹੜੀ ਵੰਨਗੀ ਲੋਕ ਕਹਾਣੀ ਦੇ ਖੇਤਰ ਵਿੱਚ ਨਹੀਂ ਆਉਂਦੀ –
(1) ਮਿੱਥ ਕਥਾਵਾਂ (2) ਪਰੀ ਕਥਾਵਾਂ
(3) ਅਵਦਾਨ (4) ਲੋਕ ਗਾਥਾਵਾਂ
(5) ਅਨਉੱਤਰਿਤ ਪ੍ਰਸ਼ਨ

98. ਕਿਸ ਵਿਦਵਾਨ ਅਨੁਸਾਰ, "ਕਿਸੇ ਵੀ ਪ੍ਰਕਾਰ ਦੇ ਲੋਕ ਸਾਹਿਤ (ਲੋਕ ਕਹਾਣੀ, ਲੋਕ ਗੀਤ) ਦੀ ਰਚਨਾ ਕੇਵਲ ਇੱਕ ਵਿਅਕਤੀ ਹੀ ਕਰਦਾ ਹੈ, ਪਿੱਛੋਂ ਅਦਲਾ-ਬਦਲੀ ਭਾਵੇਂ ਸਾਰਾ ਸਮਾਜ ਕਰਦਾ ਰਹੇ ।"
(1) ਜੈਸਪਰਸਨ (2) ਸੋਕੋਲੋਫ
(3) ਤੇਦੋਰੋਵ (4) ਰਸੂਲ ਹਮਜ਼ਾਤੋਵ
(5) ਅਨਉੱਤਰਿਤ ਪ੍ਰਸ਼ਨ

99. ਪੰਜਾਬੀ ਵਿਚ ਨਿਰੋਲ ਪੱਛਮੀ ਪ੍ਰਭਾਵ ਅਧੀਨ ਇਬਸਨਵਾਦੀ ਯਥਾਰਥਵਾਦ ਦਾ ਪ੍ਰਭਾਵ ਗ੍ਰਹਿਣ ਕਰਨ ਵਾਲਾ ਪੰਜਾਬੀ ਦਾ ਮੋਢੀ ਨਾਟਕਕਾਰ ਕੌਣ ਹੈ ?
(1) ਈਸ਼ਵਰ ਚੰਦਰ ਨੰਦਾ
(2) ਬ੍ਰਿਜ ਲਾਲ ਸ਼ਾਸਤ੍ਰੀ
(3) ਹਰਚਰਨ ਸਿੰਘ
(4) ਬਲਵੰਤ ਗਾਰਗੀ
(5) ਅਨਉੱਤਰਿਤ ਪ੍ਰਸ਼ਨ

100. ਡਾ. ਵਰਮਾ ਅਨੁਸਾਰ ਕਿਹੜੇ ਦੌਰ ਵਿੱਚ ਪੰਜਾਬੀ ਨਾਟਕ ਅਤੇ ਰੰਗਮੰਚ ਵਿੱਚ ਪੱਛਮ ਦੀਆਂ ਨਵੀਆਂ ਨਾਟ ਸ਼ੈਲੀਆਂ ਐਪਿਕ ਥੀਏਟਰ, ਐਬਸਰਡ ਥੀਏਟਰ, ਹੰਗਾਮੀ ਥੀਏਟਰ ਦਾ ਪ੍ਰਵੇਸ਼ ਹੁੰਦਾ ਹੈ –
(1) 1950 ਤੋਂ ਬਾਅਦ (2) 1955 ਤੋਂ ਬਾਅਦ
(3) 1960 ਤੋਂ ਬਾਅਦ (4) 1965 ਤੋਂ ਬਾਅਦ
(5) ਅਨਉੱਤਰਿਤ ਪ੍ਰਸ਼ਨ

101. **ਕਥਨ (ੳ)** ਲੋਕ ਸਾਹਿਤ ਦਾ ਪ੍ਰਵਾਹ ਇਕ ਵਗਦੀ ਪ੍ਰਬਲ ਧਾਰਾ ਵਾਂਗ ਹੈ ਜੋ ਸਾਡੇ ਸਾਰੇ ਸਮਾਜਿਕ ਤੇ ਭਾਈਚਾਰਕ ਜੀਵਨ ਦੇ ਕਣ ਕਣ ਨੂੰ ਰਸ ਦਿੰਦਾ ਵਗ ਰਿਹਾ ਹੈ ।
**ਕਥਨ (ਅ)** ਲੋਕ-ਸਾਹਿਤ ਪੰਜਾਬੀਆਂ ਦੇ ਜੀਵਨ ਢੰਗ ਵਿਚ ਰੂਹ ਵਾਂਗ ਵਿਆਪਕ ਹੈ ।
(1) ਕਥਨ 'ੳ' ਸਹੀ ਹੈ ਪਰ ਕਥਨ 'ਅ' ਸਹੀ ਨਹੀਂ ਹੈ ।
(2) ਕਥਨ 'ੳ' ਅਤੇ ਕਥਨ 'ਅ' ਦੋਵੇਂ ਗਲਤ ਹਨ ।
(3) ਕਥਨ 'ੳ' ਅਤ ਕਥਨ 'ਅ' ਸਹੀ ਹਨ ।
(4) ਕਥਨ 'ੳ' ਗਲਤ ਹੈ ਅਤ ਕਥਨ 'ਅ' ਕੁੱਝ ਠੀਕ ਹੈ ।
(5) ਅਨਉੱਤਰਿਤ ਪ੍ਰਸ਼ਨ

102. ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ ਕਿਹੜਾ ਨਾਟ ਸਿਰਜਕ ਅਤੇ ਅਦਾਕਾਰ ਜਦੋਂ ਰੰਗਮੰਚ ਤੇ ਵਿਚਰ ਰਿਹਾ ਹੁੰਦਾ ਹੈ ਤਾਂ ਸਿਰ ਤੋਂ ਪੈਰ ਤੱਕ ਆਪਣੀ ਪੇਸ਼ਕਾਰੀ ਅਤੇ ਵਿਚਾਰਧਾਰਾ ਵਿੱਚ 'ਇਨਵਾਲਵ' ਨਜ਼ਰ ਆਉਂਦਾ ਹੈ। ਉਹ ਜਿਉਂਦੇ ਜੀ ਇੱਕ ਲਹਿਰ ਤਾਂ ਬਣਿਆ ਹੀ ਹੈ, ਇੱਕ ਮਿੱਥ ਵੀ ਬਣ ਗਿਆ ਹੈ –

(1) ਆਤਮਜੀਤ (2) ਅਜਮੇਰ ਸਿੰਘ ਔਲਖ
(3) ਗੁਰਸ਼ਰਨ ਸਿੰਘ (4) ਡਾ. ਹਰਚਰਨ ਸਿੰਘ
(5) ਅਨਉੱਤਰਿਤ ਪ੍ਰਸ਼ਨ

103. ਹੇਠ ਲਿਖੀਆਂ ਵਿਚੋਂ ਕਿਹੜੀਆਂ ਪਰਿਸਥਿਤੀਆਂ ਪ੍ਰਭਾਵਸ਼ਾਲੀ ਸੰਚਾਰ ਵਿਚ ਬਾਹਰੀ ਬੰਦਸ਼ਾਂ ਨਾਲ ਸੰਬੰਧਿਤ ਹਨ :

(a) ਚਿੰਤਾਵਾਂ (b) ਭੌਤਿਕ ਅਸੁਵਿਧਾ
(c) ਰੌਲਾ (d) ਸ਼ਬਦ ਅਡੰਬਰ
(e) ਅਣਉਚਿਤ ਸਮੱਗਰੀ
(f) ਕਮਜ਼ੋਰ ਸਰੀਰਕ ਸਿਹਤ

(1) (a), (b) ਅਤੇ (d)
(2) (b), (c) ਅਤੇ (e)
(3) (c), (d) ਅਤੇ (f)
(4) (d), (e) ਅਤੇ (f)
(5) ਅਨਉੱਤਰਿਤ ਪ੍ਰਸ਼ਨ

104. ਜਦੋਂ ਵਿਦਿਆਰਥੀ ਸੂਚਨਾ ਦੇ ਕੇਵਲ ਨਿਸ਼ਚਿਤ ਪੱਖਾਂ ਉੱਤੇ ਧਿਆਨ ਕੇਂਦਰਿਤ ਕਰਦੇ ਹਨ ਤਾਂ ਸੰਕਲਪ ਪ੍ਰਾਪਤੀ ਲਈ ਵਰਤੀਆਂ ਨੀਤੀਆਂ ਅਖਵਾਉਂਦੀਆਂ ਹਨ –

(1) ਅਨੁਮਾਨ ਲਗਾਉਣ ਦੀਆਂ ਨੀਤੀਆਂ
(2) ਆਂਸ਼ਿਕ (Paitistic) ਨੀਤੀਆਂ
(3) ਸਿਰਜਣਸ਼ੀਲ ਵਿਚਾਰਾਂ ਨੂੰ ਵਧਾਉਣ ਵਾਲੀਆਂ ਨੀਤੀਆਂ
(4) ਸਮੱਗਰ ਨੀਤੀਆਂ
(5) ਅਨਉੱਤਰਿਤ ਪ੍ਰਸ਼ਨ

105. ਪੰਜਾਬੀ ਰੰਗ ਮੰਚ ਦੇ ਖੇਤਰ ਵਿਚ ਮਲਵਈ ਉਪਭਾਸ਼ਾ ਦੀ ਵਰਤੋਂ ਅਤੇ ਸਿੱਧ ਪੱਧਰੀ ਪੇਸ਼ਕਾਰੀ ਨਾਲ ਕਾਫੀ ਨਾਮਣਾ ਖੱਟਣ ਵਾਲਾ ਨਾਟਕਕਾਰ ਕੌਣ ਹੈ ਜਿਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ ਹੈ ?

(1) ਚਰਨਦਾਸ ਸਿੱਧੂ (2) ਆਤਮਜੀਤ
(3) ਸੁਰਜੀਤ ਸਿੰਘ ਸੇਠੀ (4) ਅਜਮੇਰ ਸਿੰਘ ਔਲਖ
(5) ਅਨਉੱਤਰਿਤ ਪ੍ਰਸ਼ਨ

106. ਸਿੱਖਿਆ ਦੇ ਦੌਰਾਨ ਇਕ ਸੁਣਨ–ਦ੍ਰਿਸ਼ ਮਾਧਿਅਮ ਦੀ ਵਰਤੋਂ ਨਾਲ, ਜਦੋਂ ਇਕ ਅਧਿਆਪਕ ਪਰਦੇ (screen) ਉੱਤੇ ਤਸਵੀਰ ਦਿਖਾਉਂਦਾ ਹੈ ਅਤੇ ਪਿਛੋਕੜ ਤੋਂ ਆਵਾਜ਼ਾਂ ਪ੍ਰਦਾਨ ਕਰਦਾ ਹੈ ਤਾਂ ਇਹ ਕਹਾਉਂਦਾ ਹੈ :

(1) ਕਠਪੁਤਲੀ ਪੇਸ਼ਕਾਰੀ
(2) ਪ੍ਰਛਾਵਾਂ ਨਾਟਕ (shadow play)
(3) ਪੰਚਮਤ ਦੀ ਕਾਰਜ ਪ੍ਰਣਾਲੀ ਉੱਤੇ ਫਿਲਮ
(4) ਦੂਰਦਰਸ਼ਨ
(5) ਅਨਉੱਤਰਿਤ ਪ੍ਰਸ਼ਨ

107. ਜਮਾਤ ਦੀ ਸਥਿਤੀ ਅਨੁਸਾਰ ਸਹਿ–ਸਿਖਿਆ (co-operative learning) ਅਪਣਾਉਂਦਿਆਂ, ਗਤੀਵਿਧੀ ਤੋਂ ਬਾਅਦ ਇੱਕ ਅਧਿਆਪਕ ਨੂੰ ਵਿਦਿਆਰਥੀ ਸਿੱਖਿਆ ਲਈ ਕੀ ਕਰਨਾ ਚਾਹੀਦਾ ਹੈ ?

(1) ਸਕੈਫੋਲਡਿੰਗ (scaffolding)
(2) ਨਿਰਦੇਸ਼ਾਤਮਕ ਸਵਾਲ ਪੁੱਛਣੇ
(3) ਵਿਦਿਆਰਥੀ ਸਮੂਹ ਬਣਾਉਣੇ
(4) ਚਿੰਤਨ ਪ੍ਰਣਾਲੀ
(5) ਅਨਉੱਤਰਿਤ ਪ੍ਰਸ਼ਨ

108. ਹੇਠ ਲਿਖਿਆਂ ਵਿਚੋਂ ਕਿਹੜਾ ਡੇਵਿਡ ਆਸੁਬੇਲ (David Ausubel) ਦੁਆਰਾ ਵਰਣਿਤ ਦ੍ਰਿਸ਼ਟੀਕੋਣ (Advanced Organisor Model) ਨਾਲ ਸੰਬੰਧਿਤ ਨਹੀਂ ਹੈ :

(1) ਇਹ ਸਿੱਖਿਆ ਦੀਆਂ ਪੇਸ਼ਕਾਰੀ ਵਿਧੀਆਂ ਦੇ ਸੁਧਾਰ ਦੀ ਪੈਰਵੀ ਕਰਦਾ ਹੈ।
(2) ਇਹ ਵਿਦਿਆਰਥੀਆਂ ਦੀ ਬੋਧ–ਪ੍ਰਕ੍ਰਿਆ ਦੀ ਸੰਰਚਨਾ ਦੀ ਮਜਬੂਤੀ ਲਈ ਬਣਾਇਆ ਗਿਆ ਹੈ।
(3) ਉਪਚਾਰਿਕ ਸਵਾਗਤੀ ਸਿੱਖਿਆ (Reception learning) ਦੀ ਰੁਚੀ ਨਹੀਂ ਹੈ।
(4) ਸੁਣਨ, ਵੇਖਣ ਜਾਂ ਪੜ੍ਹਣ ਰਾਹੀਂ ਸਿੱਖਿਆ ਗ੍ਰਹਿਣ ਕਰਨ ਦਾ ਲਾਜ਼ਮੀ ਰੱਟਾ ਨਿਸ਼ਕ੍ਰਿਆ ਅਤੇ ਨਿਰਾਰਥਕ ਹੈ।
(5) ਅਨਉੱਤਰਿਤ ਪ੍ਰਸ਼ਨ

779461

109. ਸਿੱਖਿਅਕ ਸਾਫਟਵੇਅਰ (Educational Software) ਕਿਸ ਤਰ੍ਹਾਂ ਦੇ ਵਿਸ਼ੇਸ਼ੀਕ੍ਰਿਤ ਕੰਪਿਊਟਰ ਸਾਫਟਵੇਅਰ (Computer Software) ਦੀ ਉਦਾਹਰਣ ਹੈ :

(1) ਸਿਸਟਮ ਸਾਫਟਵੇਅਰ (system software)
(2) ਐਪਲੀਕੇਸ਼ਨ ਸਾਫਟਵੇਅਰ (Application Software)
(3) ਉਪਰੇਟਿੰਗ ਸਾਫਟਵੇਅਰ (Operating Software)
(4) ਪ੍ਰੋਗਰਾਮਿੰਗ ਸਾਫਟਵੇਅਰ (Programming Software)
(5) ਅਨਉੱਤਰਿਤ ਪ੍ਰਸ਼ਨ

110. ਪ੍ਰਣਾਲੀ ਦ੍ਰਿਸ਼ਟੀਕੋਣ (System Approaches) ਦੇ ਸੰਦਰਭ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਠੀਕ ਨਹੀਂ ਹੈ :

(a) ਇਕ ਪ੍ਰਣਾਲੀ ਆਪਣੇ ਵਾਤਾਵਰਣਿਕ ਸੰਦਰਭ ਦੀਆਂ ਸੀਮਾਵਾਂ ਤੋਂ ਪਰ੍ਹਾਂ ਜਾ ਕੇ ਕੰਮ ਕਰ ਸਕਦੀ ਹੈ ।
(b) ਇਕ ਪ੍ਰਣਾਲੀ ਸਮੁੱਚ ਦੀ ਤੁਲਨਾ ਵਿਚ ਇਕ ਭਾਗ ਦੇ ਰੂਪ ਵਿਚ ਵਧੇਰੇ ਪ੍ਰਭਾਵੀ ਢੰਗ ਨਾਲ ਕੰਮ ਕਰਦੀ ਹੈ ।
(c) ਇਕ ਪ੍ਰਣਾਲੀ ਇਕ ਸਵੈ ਸੰਚਾਰਿਤ ਸੰਰਚਨਾ ਹੁੰਦੀ ਹੈ ।
(d) ਇਕ ਪ੍ਰਣਾਲੀ ਵਿਚ ਸੰਪੂਰਨੀ ਭਾਗ ਇਕ ਦੂਸਰੇ ਨਾਲ ਜੁੜਕੇ ਕੰਮ ਕਰਦੇ ਹਨ ।

(1) (a) ਅਤੇ (b) (2) (b) ਅਤੇ (c)
(3) (c) ਅਤੇ (d) (4) (a) ਅਤੇ (d)
(5) ਅਨਉੱਤਰਿਤ ਪ੍ਰਸ਼ਨ

111. ਜਦੋਂ ਕਿਸੇ ਅਧਿਆਪਕ ਵੱਲੋਂ ਆਪਣੀ ਜਮਾਤ ਵਿਚ ਪ੍ਰਦਰਸ਼ਨ ਦੀ ਗੁਣਵੱਤਾ ਵਧਾਉਣ ਲਈ ਪਾਵਰ-ਪੁਆਇੰਟ (power point) ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਸੂਚਨਾ ਅਤੇ ਸੰਚਾਰ ਤਕਨਾਲੋਜੀ (Information and Communication technology) ਦੇ ਇਸ ਰੂਪ ਨੂੰ ਕਿਹਾ ਜਾਂਦਾ ਹੈ :

(1) ਨਿਯੰਤ੍ਰਿਤ ਵਿਧੀ (Control Mode)
(2) ਸਵੈ-ਸਿੱਖਿਅਤ ਵਿਧੀ (Self-learning Mode)
(3) ਸਹਾਇਤਾ ਵਿਧੀ (Support Mode)
(4) ਕੜੀਦਾਰ ਵਿਧੀ (Link Mode)
(5) ਅਨਉੱਤਰਿਤ ਪ੍ਰਸ਼ਨ

112. ਅਧਿਆਪਕ ਜਮਾਤ (Class Room) ਵਿਚ ਕੰਪਿਊਟਰੀਕ੍ਰਿਤ ਹਦਾਇਤਾਂ (Computer Aided Instructions) ਲਾਗੂ ਕਰਨ ਲਈ ਨਿਸਚਿਤ ਚਰਨ (steps) ਅਪਣਾਉਂਦਾ ਹੈ; ਜੋ ਹੇਠ ਲਿਖੇ ਅਨੁਸਾਰ ਹਨ ਪਰ ਸਹੀ ਕ੍ਰਮ (sequence) ਵਿਚ ਨਹੀਂ ਹਨ । ਠੀਕ ਕ੍ਰਮ (sequence) ਦੀ ਚੋਣ ਕਰੋ :

(a) ਅਧਿਆਪਕ ਕੰਪਿਊਟਰ ਤਕਨਾਲੋਜੀ ਦੀ ਵਰਤੋਂ ਲਈ ਜਮਾਤ (class room) ਵਿਚ ਕਿਸੇ ਵਿਸ਼ੇਸ਼ ਸਥਿਤੀ ਅਨੁਸਾਰ ਸੋਚਦਾ ਹੈ ।
(b) ਅਧਿਆਪਕ ਕੰਪਿਊਟਰ ਤਕਨਾਲੋਜੀ ਦੇ ਬੁਨਿਆਦੀ ਸੰਕਲਪ ਸਿੱਖਣ ਦੀ ਕੋਸ਼ਿਸ਼ ਕਰਦਾ ਹੈ ।
(c) ਅਧਿਆਪਕ ਕੰਪਿਊਟਰ ਤਕਨਾਲੋਜੀ ਦੀ ਵਰਤੋਂ ਸੰਬੰਧੀ ਅਣਜਾਨ ਹੈ ।
(d) ਅਧਿਆਪਕ ਵੱਖ-ਵੱਖ ਨਿਰਦੇਸ਼ਾਤਮਕ ਉਦੇਸ਼ਾਂ ਦੀ ਪੂਰਤੀ ਹਿੱਤ ਕੰਪਿਊਟਰ ਤਕਨਾਲੋਜੀ ਦੀ ਵਰਤੋਂ ਵਿਚ ਸਹਿਜ ਮਹਿਸੂਸ ਕਰਦਾ ਹੈ ।
(e) ਅਧਿਆਪਕ ਕੰਪਿਊਟਰ ਤਕਨਾਲੋਜੀ ਦੀ ਵਰਤੋਂ ਨਿਰਦੇਸ਼ਾਤਮਕ ਸਾਧਨ ਵਜੋਂ ਪ੍ਰਭਾਵਸ਼ਾਲੀ ਰੂਪ ਵਿਚ ਕਰਦਾ ਹੈ ।

(1) (b), (a), (d), (e), (c)
(2) (c), (b), (a), (d), (e)
(3) (d), (a), (b), (c), (e)
(4) (a), (b), (c), (d), (e)
(5) ਅਨਉੱਤਰਿਤ ਪ੍ਰਸ਼ਨ

113. ਇਕ ਅਧਿਆਪਕ ਵਿਦਿਆਰਥੀ ਦੀ ਉਪਲੱਬਧੀ ਦੇ ਸੁਧਾਰ ਲਈ ਉਸ ਦੀਆਂ ਕਮਜ਼ੋਰੀਆਂ ਨੂੰ ਨਿਦਾਨਤਮਕ ਜਾਂਚ ਰਾਹੀਂ ਪਛਾਣ ਕੇ ਅਤੇ ਉਸ ਦੀਆਂ ਵਿਅਕਤੀਗਤ ਲੋੜਾਂ ਦੀ ਪੂਰਤੀ ਹਿੱਤ ਸਿੱਖਿਆਤਮਕ ਕਾਰਜ (Educational Programme) ਦਾ ਸੁਝਾਅ ਦਿੰਦਾ ਹੈ । ਇਸ ਪ੍ਰਕਾਰ ਦੀਆਂ ਕੰਪਿਊਟਰੀਕ੍ਰਿਤ ਸਹਾਇਕ ਹਦਾਇਤਾਂ/ਸੇਧਾਂ (Computer Assisted Instructions) ਨੂੰ ਕਿਹਾ ਜਾਂਦਾ ਹੈ :

(1) ਅਨੁਰੂਪਣ ਕਿਸਮ (Simulation Type)
(2) ਸਿੱਖਿਆ ਪ੍ਰਬੰਧਨ ਸਰੋਕਾਰ ਕਿਸਮ (Learning Affairs managing type)
(3) ਸਮੱਸਿਆ ਸਮਾਧਾਨ ਕਿਸਮ (Problem Solving Type)
(4) ਖੇਡ ਕਿਸਮ (Game Type)
(5) ਅਨਉੱਤਰਿਤ ਪ੍ਰਸ਼ਨ

ਹੇਠ ਲਿਖੇ ਪ੍ਰਸ਼ਨ (**114** ਤੋਂ **118**) ਤੱਕ ਦਿੱਤੇ ਗਏ ਕਾਵਿ ਅੰਸ਼ ਉੱਪਰ ਆਧਾਰਿਤ ਹਨ ।

"ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ
ਮੇਰਾ ਵਧਦਾ ਜਾਏ ਹਨ੍ਹੇਰ ਕੁੜੇ
ਕੁਝ ਅਜਬ ਇਲਮ ਦੀਆਂ ਜ਼ਿੰਦਾਂ ਨੇ
ਮੈਨੂੰ ਮਾਰਿਆ ਕਿਉਂ ਕੀ ਕਿੱਦਾਂ ਨੇ
ਮੈਂ ਨਿਸ਼ਚੇ ਬਾਝੋਂ ਭਟਕ ਰਿਹਾ
ਜੰਨਤ ਦੋਜ਼ਖ ਵਿੱਚ ਭਟਕ ਰਿਹਾ
ਗੱਲ ਸੁਣਜਾ ਭਟਕੇ ਰਾਹੀ ਦੀ
ਇੱਕ ਚਿਣਗ ਮੈਨੂੰ ਭੀ ਚਾਹੀਦੀ"

**114.** ਕਾਵਿ ਬੰਦ ਵਿੱਚ ਆਇਆ ਸ਼ਬਦ 'ਪੜ੍ਹ-ਪੜ੍ਹ' ਕਿਹੜੀ ਵਿਆਕਰਨਕ ਵੰਨਗੀ ਅਧੀਨ ਆਉਂਦਾ ਹੈ –
(1) ਕਾਰਕ
(2) ਨਿਪਾਤ
(3) ਵਾਚ
(4) ਸਮਾਸ
(5) ਅਨਉੱਤਰਿਤ ਪ੍ਰਸ਼ਨ

**115.** ਕਾਵਿ ਬੰਦ ਵਿੱਚ ਆਏ 'ਅਜਬ' ਸ਼ਬਦ ਦਾ ਅਰਥ ਹੈ ?
(1) ਅਨੋਖਾ
(2) ਔਖਾ
(3) ਖੂਬਸੂਰਤ
(4) ਦੁਨਿਆਵੀ
(5) ਅਨਉੱਤਰਿਤ ਪ੍ਰਸ਼ਨ

**116.** ਕਾਵਿ ਬੰਦ ਵਿੱਚ ਆਏ ਸ਼ਬਦ 'ਜੰਨਤ-ਦੋਜ਼ਖ' ਕਿਹੜੇ ਭਾਵਾਂ ਦੇ ਧਾਰਣੀ ਹਨ –
(1) ਸਮਅਰਥੀ
(2) ਵਿਰੋਧੀ
(3) ਬਹੁਅਰਥੀ
(4) ਸਮਨਾਮੀ
(5) ਅਨਉੱਤਰਿਤ ਪ੍ਰਸ਼ਨ

**117.** "ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ
ਮੇਰਾ ਵਧਦਾ ਜਾਏ ਹਨ੍ਹੇਰ ਕੁੜੇ"
ਕਾਵਿ ਸਤਰਾਂ ਕਿਹੜੇ ਅਰਥਾਂ ਦੀਆਂ ਲਖਾਇਕ ਹਨ –
(1) ਵਿਅੰਗਾਰਥੀ
(2) ਹਾਸਰਸੀ
(3) ਘ੍ਰਿਣਾਤਮਕ
(4) ਕਰੁਣਾਮਈ
(5) ਅਨਉੱਤਰਿਤ ਪ੍ਰਸ਼ਨ

**118.** ਉਪਰੋਕਤ ਕਾਵਿ ਸਤਰਾਂ ਦੀ ਸੁਰ ਹੈ –
(1) ਬਿਰਤਾਂਤਕ
(2) ਮਹਾਂਕਾਵਿਕ
(3) ਪ੍ਰਗੀਤਕ
(4) ਨਾਟਕੀ
(5) ਅਨਉੱਤਰਿਤ ਪ੍ਰਸ਼ਨ

"ਅਹਿ ਸੁਣ ਕੇ ਪੰਜ ਸਤ ਕੁੜੀਆਂ ਤ੍ਰੀਮਤਾਂ ਉਸ ਗਲੀ ਵਿਚੋਂ ਨਿਕਲ ਕੇ ਉਸ ਦੀ ਛਾਬੜੀ ਆਣ ਘੇਰੀ । ਕਿਸੇ ਆਖਿਆ ਭਾਈ ਮੈਨੂੰ ਛੁਕੜ ਦੇ ਸਲੂਣੇ ਦੇਹ, ਤੇ ਕੋਈ ਬੋਲੀ ਮੇਰੇ ਲਈ ਦਮੜੀ ਦੀਆਂ ਸੇਮੀਆਂ ਚਾ ਤੋਲ ਕਿਸੇ ਚਹੁੰ ਕੌਡਾਂ ਦਾ ਪਾਪੜ ਚਾ ਲੀਤਾ, ਤੇ ਕਿਸੇ ਅੱਧੀ ਦੀ ਦਾਲ ਪੱਤਰ ਪੁਰ ਚਾ ਪਵਾਈ । ਫੇਰ ਆਪੋ ਆਪਣੀਆ ਸਹੇਲੀਆਂ ਨੂੰ ਵਾਜਾਂ ਮਾਰਕੇ ਬੋਲੀਆਂ, ਨੀ ਬਸੰਤੇ ਦੀ ਮਾਂ, ਆ ਸਲੂਣੇ ਲੈ ਲੈ ।"

ਹੇਠ ਲਿਖੇ ਪ੍ਰਸ਼ਨ ਨੰਬਰ **119** ਤੋਂ **121** ਤਕ ਅੰਕਿਤ ਵਾਰਤਕ-ਅੰਸ਼ ਉੱਪਰ ਆਧਾਰਿਤ ਹਨ :

**119.** ਉਪਰੋਕਤ ਵਾਰਤਕ-ਰਚਨਾ ਕਿਹੜੀ ਪੁਸਤਕ ਵਿਚ ਅੰਕਿਤ ਹੈ :
(1) ਚਰਿਤ੍ਰਾਵਲੀ
(2) ਸਿਖ ਰਾਜ ਦੀ ਵਿਥਿਆ
(3) ਪੰਜਾਬੀ ਬਾਤ-ਚੀਤ
(4) ਵਿਦਿਆ ਰਤਨਾਕਰ
(5) ਅਨਉੱਤਰਿਤ ਪ੍ਰਸ਼ਨ

**120.** ਉਪਰੋਕਤ ਵਾਰਤਕ-ਰਚਨਾ ਦੀ ਉਪਭਾਸ਼ਾ ਹੈ
(1) ਮਾਝੀ
(2) ਪੁਆਧੀ
(3) ਲਹਿੰਦੀ
(4) ਮਲਵਈ
(5) ਅਨਉੱਤਰਿਤ ਪ੍ਰਸ਼ਨ

**121.** ਉਪਰੋਕਤ ਵਾਰਤਕ-ਅੰਸ਼ ਦਾ ਰਚਨਾਕਾਰ ਹੈ :
(1) ਲਾਲਾ ਬਿਹਾਰੀ ਲਾਲ ਪੁਰੀ
(2) ਪੰਡਤ ਸ਼ਰਧਾ ਰਾਮ ਫਿਲੌਰੀ
(3) ਲਾਲ ਸਿੰਘ ਕਮਲਾ ਅਕਾਲੀ
(4) ਬਲਰਾਜ ਸਾਹਨੀ
(5) ਅਨਉੱਤਰਿਤ ਪ੍ਰਸ਼ਨ

**122.** ਧੁਨੀ-ਸੰਗੋੜ ਦੀ ਭਰਮਾਰ ਹੈ :
(1) ਮਾਝੀ
(2) ਮਲਵਈ
(3) ਦੁਆਬੀ
(4) ਪੁਆਧੀ
(5) ਅਨਉੱਤਰਿਤ ਪ੍ਰਸ਼ਨ

**123.** 'ਅੱਖੀਂ ਡਿੱਠਾ, ਹੱਥੀਂ ਕੀਤਾ, ਕੋਠਿਓਂ ਢੱਠਾ' ਉਪਰੋਕਤ ਵਾਕੰਸ਼ ਪੰਜਾਬੀ ਦੀ ਕਿਸ ਉਪਭਾਸ਼ਾ ਦੀ ਵੰਨਗੀ ਹੈ :
(1) ਮਾਝੀ
(2) ਮਲਵਈ
(3) ਦੁਆਬੀ
(4) ਪੁਆਧੀ
(5) ਅਨਉੱਤਰਿਤ ਪ੍ਰਸ਼ਨ

124. ਇਨਸਾਨ ਦੀ ਬੁੱਧੀ ਅਤੇ ਸਿਆਣਪ ਦਾ ਆਧਾਰ ਹੈ
(1) ਮਨੁੱਖ (2) ਗ੍ਰੰਥ
(3) ਕਿਤਾਬਾਂ (4) ਭਾਸ਼ਾ
(5) ਅਨਉੱਤਰਿਤ ਪ੍ਰਸ਼ਨ

125. ਖਾਲੀ ਥਾਂ ਭਰੋ : 'ਉਪਭਾਸ਼ਾਈ ਵਖਰੇਵਾਂ ਮੂਲ ਰੂਪ ਵਿਚ _______ ਵਿਚ ਨਿਹਿਤ ਹੁੰਦਾ ਹੈ।'
(1) ਕੇਵਲ ਸ਼ਬਦ ਭੰਡਾਰ
(2) ਕੇਵਲ ਸ਼ਬਦਾਂ ਦੇ ਉਚਾਰਨ ਵਿਚ
(3) ਸ਼ਬਦ ਭੰਡਾਰ ਅਤੇ ਸ਼ਬਦ ਉਚਾਰਨ
(4) ਕਿਸੇ ਵਿਚ ਨਹੀਂ
(5) ਅਨਉੱਤਰਿਤ ਪ੍ਰਸ਼ਨ

126. ਦੋ ਦਰਿਆਵਾਂ ਦੇ ਵਿਚਕਾਰਲੇ ਖੇਤਰ ਦੀ ਭਾਸ਼ਾ ਨੂੰ ਮਾਝੀ ਕਿਹਾ ਜਾਂਦਾ ਹੈ, ਇਸ ਦਾ ਖੇਤਰ ਹੈ –
(1) ਰਾਵੀ ਅਤੇ ਸਤਲੁਜ
(2) ਰਾਵੀ ਅਤੇ ਬਿਆਸ
(3) ਸਤਲੁਜ ਅਤੇ ਬਿਆਸ
(4) ਸਤਲੁਜ ਅਤੇ ਜਿਹਲਮ
(5) ਅਨਉੱਤਰਿਤ ਪ੍ਰਸ਼ਨ

127. 'ਪੁਸਤਕ' ਦਾ ਧੁਨੀ–ਨਿਖੇੜ ਹੈ :
(1) ਪ+ਉ+ਸ+ਤ+ਕ (2) ਪੁ+ਸ+ਤ+ਕ
(3) ਪੁਸ+ਤਕ (4) ਪੁਸਤ+ਕ
(5) ਅਨਉੱਤਰਿਤ ਪ੍ਰਸ਼ਨ

128. ਪੋਠੋਹਾਰੀ ਉਪਭਾਸ਼ਾ ਦਾ ਇਲਾਕਾ ਹੈ –
(1) ਜਿਹਲਮ ਤੇ ਰਾਵਲਪਿੰਡੀ
(2) ਮੁਲਤਾਨ ਤੇ ਡੇਰਾ ਗਾਜ਼ੀ ਖਾਂ
(3) ਬਹਾਵਲਪੁਰ, ਝੰਗ
(4) ਅੰਬਾਲਾ ਤੇ ਪਟਿਆਲਾ
(5) ਅਨਉੱਤਰਿਤ ਪ੍ਰਸ਼ਨ

129. ਉਲਟ ਜੀਭੀ ਧੁਨੀ ਦਾ ਅਖਾਇਕ ਅੱਖਰ ਹੈ :
(1) ਸ਼ (2) ਗ਼
(3) ਖ (4) ਲ਼
(5) ਅਨਉੱਤਰਿਤ ਪ੍ਰਸ਼ਨ

130. 'ਕਰ ਨਹੀਂ ਹੁੰਦਾ, ਬਹਿ ਨਹੀਂ ਹੁੰਦਾ' ਕਰਮਣੀ–ਵਾਕੰਸ਼ ਪ੍ਰਯੋਗ ਕੀਤੇ ਜਾਂਦੇ ਹਨ :
(1) ਮਾਝੀ (2) ਪੁਆਧੀ
(3) ਦੁਆਬੀ (4) ਲਹਿੰਦੀ
(5) ਅਨਉੱਤਰਿਤ ਪ੍ਰਸ਼ਨ

131. ਕਰਤਰੀ–ਨਾਂਵ ਹੈ :–
(1) ਉਸਾਰ (2) ਉੱਸਰਨਾ
(3) ਉਸਰੱਈਆ (4) ਉਸਰੇ
(5) ਅਨਉੱਤਰਿਤ ਪ੍ਰਸ਼ਨ

132. ਪੰਜਾਬੀ ਭਾਸਾ ਵਿਚ ਵਿਅੰਜਨ ਧੁਨੀਆਂ ਹਨ ?
(1) ਸੈਂਤੀ (2) ਅਠੱਤੀ
(3) ਚਾਲੀ (4) ਤੀਹ
(5) ਅਨਉੱਤਰਿਤ ਪ੍ਰਸ਼ਨ

133. ਮਿਸ਼ਰਿਤ ਵਾਕ ਦੀ ਬਣਤਰ ਵਿਚ ਇਸ ਤੋਂ ਵਧੇਰੇ ਕਾਰਜਸ਼ੀਲ ਹੁੰਦੇ ਹਨ :
(1) ਅਧੀਨ ਉਪਵਾਕ (2) ਸੰਯੁਕਤ ਵਾਕ
(3) ਮੁੱਖ ਉਪਵਾਕ (4) ਸਧਾਰਨ ਵਾਕ
(5) ਅਨਉੱਤਰਿਤ ਪ੍ਰਸ਼ਨ

134. ਹਰੇਕ ਉਚਾਰ ਖੰਡ ਵਿਚ ਹੋਣਾ ਜ਼ਰੂਰੀ ਹੈ –
(1) ਬਲ (2) ਸੁਰ ਲਹਿਰ
(3) ਵਿਅੰਜਨ ਧੁਨੀ (4) ਸਵਰ ਧੁਨੀ
(5) ਅਨਉੱਤਰਿਤ ਪ੍ਰਸ਼ਨ

135. ਗੁਰਮੁਖੀ ਲਿੱਪੀ ਵਿਚ ਮੁਕਤਾ ਸਵਰ–ਧੁਨੀ ਦਾ ਚਿੰਨ੍ਹ ਹੁੰਦਾ ਹੈ ?
(1) ਤਿੰਨ ਹੁੰਦੇ ਹਨ। (2) ਇਕ ਹੁੰਦਾ ਹੈ।
(3) ਨਹੀਂ ਹੁੰਦਾ ਹੈ। (4) ਦੋ ਹੁੰਦੇ ਹਨ।
(5) ਅਨਉੱਤਰਿਤ ਪ੍ਰਸ਼ਨ

136. ਤਦਭਵ ਸ਼ਬਦਾਂ ਦੀ ਵੰਨਗੀ ਹੈ
(1) ਦੰਦ, ਉਸਤਾਦ (2) ਦੰਦ, ਸੋਗ
(3) ਅਮੀਰ, ਅਰਜ਼ੀ (4) ਰੱਬ, ਦਰਬਾਰ
(5) ਅਨਉੱਤਰਿਤ ਪ੍ਰਸ਼ਨ

137. ਸ਼ਬਦ ਬਣਤਰ ਵਿਚ ਲਘੂਤਮ ਮੁਕਤ ਅੰਗ ਨੂੰ ਕਿਹਾ ਜਾਂਦਾ ਹੈ :
(1) ਵਧੇਤਰ (2) ਧੁਨੀ
(3) ਮਧੇਤਰ (4) ਧਾਤੂ
(5) ਅਨਉੱਤਰਿਤ ਪ੍ਰਸ਼ਨ

138. ਲੰਮੇ ਸਮੇਂ ਤੱਕ ਡੋਗਰੀ ਉਪਭਾਸ਼ਾ, ਕਿਸ ਭਾਸ਼ਾ ਦਾ ਹਿੱਸਾ ਮੰਨੀ ਜਾਂਦੀ ਰਹੀ ਹੈ –
(1) ਅਰਬੀ (2) ਸੰਸਕ੍ਰਿਤ
(3) ਪੰਜਾਬੀ (4) ਹਿੰਦੀ
(5) ਅਨਉੱਤਰਿਤ ਪ੍ਰਸ਼ਨ

139. ਹੇਠ ਲਿਖੇ ਕਥਨਾਂ ਵਿੱਚੋਂ ਮੁਹਾਵਰੇ ਜਾਂ ਅਖਾਣ ਸੰਬੰਧੀ ਸਹੀ ਕਥਨ ਹੈ –

(1) ਮੁਹਾਵਰੇ ਵਿਚ ਅਰਥ–ਵਿਸਤਾਰ ਅਭਿਧਾ–ਸ਼ਕਤੀ ਰਾਹੀਂ ਨਵੀਂ ਭਾਸ਼ਾ ਘਾੜਤ ਵਿਚੋਂ ਪਰਗਟ ਹੁੰਦਾ ਹੈ ।
(2) ਮੁਹਾਵਰੇ ਵਿਚ ਅਰਥ–ਵਿਸਤਾਰ ਵਿਅੰਜਨਾ–ਸ਼ਕਤੀ ਰਾਹੀਂ ਨਵੀਂ ਭਾਸ਼ਾ ਘਾੜਤ ਵਿਚੋਂ ਪਰਗਟ ਹੁੰਦਾ ਹੈ ।
(3) ਅਖਾਣ ਦਾ ਰੂਪ ਨਿਸ਼ਚਿਤ ਨਹੀਂ ਰਹਿੰਦਾ ਹੈ ।
(4) ਅਖਾਣ ਕਾਵਿਕ ਜਾਂ ਵਾਰਤਕ ਵਰਗੀ ਸੰਰਚਨਾ ਦੇ ਨਹੀਂ ਹੋ ਸਕਦੇ ।
(5) ਅਨਉੱਤਰਿਤ ਪ੍ਰਸ਼ਨ

140. ਮੁਹਾਵਰੇ ਨੂੰ ਪੂਰਾ ਕਰੋ : "ਆਪਣੇ ਪੈਰੀਂ ਆਪ ______ ਮਾਰਨਾ ।"

(1) ਸੈਟੀ (2) ਠੋਕਰ
(3) ਨਹੁੰ (4) ਕੁਹਾੜਾ
(5) ਅਨਉੱਤਰਿਤ ਪ੍ਰਸ਼ਨ

141. ਗੂੜ੍ਹ ਲਿਪਾਂਕ ਹਨ –

(1) ਘ, ਝ, ਢ, ਧ, ਭ (2) ਉ, ਅ, ੲ
(3) ਸ਼, ਛ (4) ਸ਼, ਖ਼, ਗ਼, ਜ਼
(5) ਅਨਉੱਤਰਿਤ ਪ੍ਰਸ਼ਨ

142. 'ਵਾਹ ਓਏ ਕਰਮਾਂ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲੀਆ' – ਅਖਾਣ ਦੇ ਅਰਥ ਹਨ :

(1) ਕੰਮ ਤੋਂ ਪਾਸਾ ਵੱਟਣਾ
(2) ਲਾਭ ਲਈ ਕੀਤੇ ਯਤਨ ਆਸ ਦੇ ਉਲਟ ਹੋਣੇ
(3) ਕਾਮਯਾਬੀ ਮਿਲਣੀ
(4) ਜਿੱਤ ਹੋਣੀ
(5) ਅਨਉੱਤਰਿਤ ਪ੍ਰਸ਼ਨ

143. 'ਕੱਘੀ' ਸ਼ਬਦ ਬੋਲਿਆ ਜਾਂਦਾ ਹੈ

(1) ਪੋਠੋਹਾਰੀ (2) ਪੁਆਧੀ
(3) ਸਿਰਾਇਕੀ (4) ਹਿੰਦਕੋ
(5) ਅਨਉੱਤਰਿਤ ਪ੍ਰਸ਼ਨ

144. 'ਮੇਰੇ ਪਿਤਾ ਜੀ ਅੱਜ ਪਿੰਡ ਗਏ ਹਨ' – ਇਸ ਵਾਕ ਵਿਚ 'ਉਦੇਸ਼' ਦੀ ਪਛਾਣ ਕਰੋ :

(1) ਮੇਰੇ (2) ਮੇਰੇ ਪਿਤਾ ਜੀ
(3) ਪਿੰਡ (4) ਗਏ ਹਨ
(5) ਅਨਉੱਤਰਿਤ ਪ੍ਰਸ਼ਨ

145. ਜਦੋਂ ਕਿਸੇ ਵਾਕ ਵਿਚ ਇਕੋ ਸ਼੍ਰੇਣੀ ਦੇ ਦੋ ਤੋਂ ਵੱਧ ਸ਼ਬਦ ਇਕੱਠੇ ਆਉਣ ਤਾਂ ਉਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜਨ ਲਈ ਕਿਹੜਾ ਚਿੰਨ ਲਗਾਇਆ ਜਾਂਦਾ ਹੈ ?

(1) ਵਿਸਮਿਕ ਚਿੰਨ (!) (2) ਪ੍ਰਸ਼ਨ ਚਿੰਨ (?)
(3) ਕਾਮਾ ਚਿੰਨ (,) (4) ਡੰਡੀ (।)
(5) ਅਨਉੱਤਰਿਤ ਪ੍ਰਸ਼ਨ

146. ਜਦੋਂ ਕਿਸੇ ਦੇ ਕਹੇ ਜਾਂ ਲਿਖੇ ਸ਼ਬਦਾਂ ਨੂੰ ਜਿਉਂ ਦਾ ਤਿਉਂ ਲਿਖਿਆ ਜਾਂਦਾ ਹੈ ਤਾਂ ਉਸ ਵੇਲੇ ਕਿਹੜੇ ਚਿੰਨ ਦੀ ਵਰਤੋਂ ਕੀਤੀ ਜਾਂਦੀ ਹੈ ?

(1) ਪੁੱਠੇ ਕਾਮੇ (" ") (2) ਕਾਮਾ (,)
(3) ਵਿਸਮਿਕ ਚਿੰਨ (!) (4) ਡੰਡੀ (।)
(5) ਅਨਉੱਤਰਿਤ ਪ੍ਰਸ਼ਨ

147. ਵਿਸਮਿਕ ਸ਼ਬਦ 'ਹਾਏ' ਕੇਵਲ ਦੁੱਖ ਅਤੇ ਘਬਰਾਹਟ ਦੀ ਸਥਿਤੀ ਤੋਂ ਇਲਾਵਾ ਹੋਰ ਕਿਸ ਪ੍ਰਗਟਾ ਲਈ ਵਰਤਿਆ ਜਾਂਦਾ ਹੈ –

(1) ਨਫ਼ਰਤ (2) ਖੁਸ਼ੀ
(3) ਘ੍ਰਿਣਾ (4) ਕ੍ਰੋਧ
(5) ਅਨਉੱਤਰਿਤ ਪ੍ਰਸ਼ਨ

148. ਸਧਾਰਨ ਵਾਕ ਦੇ ਅੰਤ ਵਿਚ ਪੂਰਨ ਠਹਿਰਾਓ ਨੂੰ ਪ੍ਰਗਟ ਕਰਨ ਲਈ ਹੇਠ ਲਿਖਿਆਂ ਵਿਚੋਂ ਕਿਹੜਾ ਚਿੰਨ ਵਰਤਿਆ ਜਾਂਦਾ ਹੈ ?

(1) ਬਰੈਕਟ (2) ਡੈਸ਼
(3) ਕਾਮਾ (4) ਡੰਡੀ
(5) ਅਨਉੱਤਰਿਤ ਪ੍ਰਸ਼ਨ

149. 'ਉਹ ਕਦੇ ਅੰਦਰ ਕਦੇ ਬਾਹਰ ਆ ਜਾ ਰਿਹਾ ਸੀ' ਉਪਰੋਕਤ ਵਾਕ ਵਿਚ 'ਕਦੇ ਅੰਦਰ ਕਦੇ ਬਾਹਰ' ਸ਼ਬਦ–ਸਮੂਹ ਹੈ –

(1) ਵਿਸ਼ੇਸ਼ਣੀ ਵਾਕੰਸ਼
(2) ਕਿਰਿਆ–ਵਿਸ਼ੇਸ਼ਣੀ ਵਾਕੰਸ਼
(3) ਕਿਰਿਆਵੀ ਵਾਕੰਸ਼
(4) ਨਾਂਵ ਵਾਕੰਸ਼
(5) ਅਨਉੱਤਰਿਤ ਪ੍ਰਸ਼ਨ

150. ਬੋਲਣ ਵੇਲੇ ਜੋ ਉਤਰਾਅ, ਚੜ੍ਹਾਅ ਤੇ ਠਹਿਰਾਅ ਆਉਂਦੇ ਹਨ, ਉਹਨਾਂ ਨੂੰ ਲਿਖਤ ਵਿੱਚ ਅੰਕਿਤ ਕਰਨ ਵਾਲੇ ਚਿੰਨ੍ਹ ਅਖਵਾਉਂਦੇ ਹਨ

(1) ਵਿਸਮਿਕ ਚਿੰਨ੍ਹ (2) ਵਿਸਰਾਮ ਚਿੰਨ੍ਹ
(3) ਵਧੇਤਰ ਚਿੰਨ੍ਹ (4) ਭਾਸ਼ਾ ਚਿੰਨ੍ਹ
(5) ਅਨਉੱਤਰਿਤ ਪ੍ਰਸ਼ਨ

रफ कार्य के लिए स्थान / SPACE FOR ROUGH WORK

7779461

7779461

7779461

7779461